### ਅਧਿਆਇ 7

# ਜਲ ਪਰਲੋ ਆਉਣਾ

ਨੂਹ ਦੇ ਨਿਸਤਾਰੇ ਅਤੇ ਸੰਸਾਰ ਦੇ ਨਿਆਉਂ ਦਾ ਬਿਰਤਾਂਤ ਅਧਿਆਇ 7 ਵਿੱਚ ਜਾਰੀ ਰਹਿੰਦਾ ਹੈ। ਅਧਿਆਇ 6 ਦਾ ਅੰਤ ਇਸ ਸਕਾਰਾਤਮਕ ਗੱਲ ਨਾਲ ਹੁੰਦਾ ਹੈ ਕਿ ਨੂਹ ਨੇ ਉਵੇਂ ਹੀ ਆਗਿਆਕਾਰੀ ਕੀਤੀ "ਜਿਵੇਂ ਪਰਮੇਸ਼ੁਰ ਨੇ ਉਹ ਨੂੰ ਆਗਿਆ ਦਿੱਤੀ" (6:22)। ਕਿਸ਼ਤੀ ਦੀ ਉਸਾਰੀ ਪੂਰੀ ਹੋ ਜਾਣ ਮਗਰੋਂ, ਪਰਮੇਸ਼ੁਰ ਨੇ ਨੂਹ ਨੂੰ ਹੁਕਮ ਦਿੱਤਾ ਕਿ ਉਹ ਇਸ ਵਿੱਚ ਪ੍ਰਵੇਸ਼ ਕਰੇ (7:1-10) ਅਤੇ ਆਉਣ ਵਾਲੀ ਜਲ ਪਰਲੋ ਤੋਂ ਬਚ ਜਾਵੇ (7:11-16)। ਜਲ ਪਰਲੋ ਦੇ ਪਾਣੀ ਸਾਰੀ ਧਰਤੀ ਉੱਤੇ ਫੈਲ ਗਏ ਅਤੇ ਧਰਤੀ ਉੱਤੋਂ ਸਭਨਾਂ ਜੀਉਂਦੇ ਪ੍ਰਾਣੀਆਂ ਦਾ ਨਾਸ ਕਰ ਦਿੱਤਾ; ਸਿਰਫ ਉਹੀ ਬਚੇ ਜਿਨ੍ਹਾਂ ਨੇ ਕਿਸ਼ਤੀ ਅੰਦਰ ਆਸਰਾ ਲਿਆ ਸੀ (7:17-24)।

## ਕਿਸ਼ਤੀ ਵਿੱਚ ਪ੍ਰਵੇਸ਼ ਕਰਨ ਲਈ ਪਰਮੇਸ਼ੁਰ ਦਾ ਹੁਕਮ (7:1–10)

**1ਫੇਰ ਯਹੋਵਾਹ ਨੇ ਨੂਹ ਨੂੰ ਆਖਿਆ ਕਿ ਤੂੰ ਅਰ ਤੇਰਾ ਟੱਬਰ ਕਿਸ਼ਤੀ ਵਿੱਚ ਜਾਓ ਕਿਉਂਜੋ
ਮੈਂ ਤੈਨੂੰ ਆਪਣੇ ਅੱਗੇ ਏਸ ਪੀੜ੍ਹੀ ਵਿੱਚ ਧਰਮੀ ਵੇਖਿਆ ਹੈ। 2ਸਾਰੇ ਸ਼ੁੱਧ ਪਸੂਆਂ ਵਿੱਚੋਂ ਸੱਤ ਸੱਤ
ਆਪਣੇ ਨਾਲ ਲੈ ਲੈ ਨਰ ਅਰ ਉਨ੍ਹਾਂ ਦੀਆਂ ਨਾਰੀਆਂ ਅਤੇ ਅਸ਼ੁੱਧ ਪਸੂਆਂ ਵਿੱਚੋਂ ਦੋ ਦੋ ਨਰ ਅਰ
ਉਨ੍ਹਾਂ ਦੀਆਂ ਨਾਰੀਆਂ। 3ਅਤੇ ਅਕਾਸ਼ ਦੇ ਪੰਛੀਆਂ ਵਿੱਚੋਂ ਸੱਤ ਨਰ ਨਾਰੀਆਂ ਲੈ ਤਾਂਜੋ ਸਾਰੀ
ਧਰਤੀ ਉੱਤੇ ਅੰਸ ਜਿਉਂਦੀ ਰਹੇ। 4ਕਿਉਂਕਿ ਸੱਤ ਦਿਨ ਅਜੇ ਬਾਕੀ ਹਨ ਤਾਂ ਮੈਂ ਧਰਤੀ ਉੱਤੇ
ਚਾਲੀ ਦਿਨ ਅਰ ਚਾਲੀ ਰਾਤ ਮੀਂਹ ਵਰ੍ਹਾਉਣ ਵਾਲਾ ਹਾਂ ਅਤੇ ਮੈਂ ਸਰਬੱਤ ਜਾਨਾਂ ਨੂੰ ਜੋ ਮੈਂ
ਬਣਾਈਆਂ ਹਨ ਜ਼ਮੀਨ ਦੇ ਉੱਤੋਂ ਮੇਟ ਦਿਆਂਗਾ। 5ਤਾਂ ਜਿਵੇਂ ਯਹੋਵਾਹ ਨੇ ਆਗਿਆ ਦਿੱਤੀ ਨੂਹ ਨੇ
ਸਭ ਕੁਝ ਤਿਵੇਂ ਹੀ ਕੀਤਾ। 6ਨੂਹ ਛੇ ਸੌ ਵਰਿਹਾਂ ਦਾ ਸੀ ਜਦ ਜਲ ਪਰਲੋ ਧਰਤੀ ਉੱਤੇ ਆਈ।
7ਅਤੇ ਨੂਹ ਅਰ ਉਹਦੇ ਪੁੱਤਰ ਅਰ ਉਹ ਦੀ ਪਤਨੀ ਅਰ ਉਹ ਦੀਆਂ ਨੂਹਾਂ ਪਰਲੋ ਦੇ ਪਾਣੀ ਦੇ
ਕਾਰਣ ਉਹ ਦੇ ਨਾਲ ਕਿਸ਼ਤੀ ਵਿੱਚ ਗਏ। 8ਅਤੇ ਸ਼ੁੱਧ ਡੰਗਰਾਂ ਵਿੱਚੋਂ ਤੇ ਅਸ਼ੁੱਧ ਡੰਗਰਾਂ ਵਿੱਚੋਂ
ਅਰ ਪੰਛੀਆਂ ਵਿੱਚੋਂ ਅਰ ਸਭ ਜ਼ਮੀਨ ਉੱਤੇ ਘਿੱਸਰਨ ਵਾਲਿਆਂ ਵਿੱਚੋਂ। 9ਦੋ ਦੋ ਨਰ ਨਾਰੀ
ਕਿਸ਼ਤੀ ਵਿੱਚ ਨੂਹ ਕੋਲ ਗਏ ਜਿਵੇਂ ਪਰਮੇਸ਼ੁਰ ਨੇ ਆਗਿਆ ਦਿੱਤੀ ਸੀ। 10ਤਾਂ ਐਉਂ ਹੋਇਆ ਕਿ
ਸੱਤਾਂ ਦਿਨਾਂ ਦੇ ਪਿੱਛੋਂ ਪਰਲੋ ਦੇ ਪਾਣੀ ਧਰਤੀ ਉੱਤੇ ਆਏ।**

**ਆਇਤ 1.** ਨੂਹ ਨੂੰ **ਕਿਸ਼ਤੀ** ਬਣਾਉਣ ਦਾ ਹੁਕਮ ਦੇਣ ਤੋਂ ਕਈ ਵਰ੍ਹੇ ਬਾਅਦ ਪਰਮੇਸ਼ੁਰ ਨੇ **ਨੂਹ** ਨੂੰ ਆਖਿਆ ਕਿ ਉਹ ਆਪਣੇ ਸਾਰੇ ਪਰਿਵਾਰ ਸਣੇ ਕਿਸ਼ਤੀ ਵਿੱਚ ਪ੍ਰਵੇਸ਼ ਕਰੇ ਕਿਉਂਕਿ ਪਰਮੇਸ਼ੁਰ ਨੇ ਉਸ ਨੂੰ **ਧਰਮੀ ਵੇਖਿਆ** ਸੀ। ਇਹ ਸ਼ਬਦ ਉਸ ਦੁਸ਼ਟਤਾ ਦੇ ਬਿਲਕੁਲ ਉਲਟ ਹਨ ਜਿਸ ਨੂੰ ਯਹੋਵਾਹ ਨੇ 6:5 ਵਿੱਚ "ਵੇਖਿਆ" ਸੀ, ਨਾਲੇ ਉਸ ਧਰਤੀ ਦੇ ਉਲਟ ਵੀ ਜਿਸ ਨੂੰ ਉਸ ਨੇ 6:11 ਵਿੱਚ "ਬਿਗੜੀ" ਅਤੇ ਜ਼ੁਲਮ ਨਾਲ ਭਰੀ ਹੋਈ ਵੇਖਿਆ ਸੀ। ਇੱਕ ਵਾਰ ਫਿਰ ਪਰਮੇਸ਼ੁਰ ਨੇ ਆਖਿਆ ਕਿ ਉਸ ਨੇ ਨੂਹ ਨੂੰ "ਧਰਮੀ ਵੇਖਿਆ" ਸੀ। ਇਹ ਵਿਚਾਰ 6:9 ਵਿਚਲੇ ਵਿਚਾਰ ਦੇ ਨਾਲ ਮੇਲ ਖਾਂਦਾ ਹੈ। ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਨੂਹ ਦੁਆਰਾ

ਆਗਿਆਕਾਰੀ ਕਰਕੇ ਕਿਸ਼ਤੀ ਬਣਾਏ ਜਾਣ ਦੇ ਕੰਮ ਨੇ ਉਸ ਨੂੰ ਯਹੋਵਾਹ ਦੀਆਂ ਨਜ਼ਰਾਂ ਵਿੱਚ "ਧਰਮੀ" ਠਹਿਰਾਇਆ ਸੀ।

**ਆਇਤਾਂ 2, 3.** ਪਰਮੇਸ਼ੁਰ ਨੇ ਨੂਹ ਨੂੰ ਆਖਿਆ, **ਸਾਰੇ ਸ਼ੁੱਧ ਪਸ਼ੂਆਂ ਵਿੱਚੋਂ ਸੱਤ ਸੱਤ ਆਪਣੇ ਨਾਲ ਲੈ ਲੈ ਨਰ ਅਰ ਉਨ੍ਹਾਂ ਦੀਆਂ ਨਾਰੀਆਂ . . . ਅਤੇ ਅਕਾਸ਼ ਦੇ ਪੰਛੀਆਂ ਵਿੱਚੋਂ ਸੱਤ ਨਰ ਨਾਰੀਆਂ ਲੈ।** ਇਬਰਾਨੀ ਸ਼ਾਬਦਿਕ ਤੌਰ 'ਤੇ ਆਖਦੀ ਹੈ ਕਿ ਪਰਮੇਸ਼ੁਰ ਨੇ ਨੂਹ ਨੂੰ ਹੁਕਮ ਦਿੱਤਾ ਸੀ ਕਿ ਉਹ ਸਭਨਾਂ "ਸ਼ੁੱਧ" ਪਸ਼ੂਆਂ ਅਤੇ ਪੰਛੀਆਂ ਵਿੱਚੋਂ "ਸੱਤ ਸੱਤ" ਆਪਣੇ ਨਾਲ ਕਿਸ਼ਤੀ ਵਿੱਚ ਲੈ ਕੇ ਜਾਵੇ। ਸਵਾਲ ਇਹ ਉੱਠਦਾ ਹੈ ਕਿ ਉਸ ਨੂੰ ਹਰੇਕ ਸ਼ੁੱਧ ਪ੍ਰਜਾਤੀ ਦੇ ਸੱਤ ਪ੍ਰਾਣੀ ਲਿਜਾਣੇ ਸਨ ਜਾਂ ਚੌਦਾਂ। ਪਹਿਲੀ ਨਜ਼ਰ ਵਿੱਚ KJV ਇਹ ਸੁਝਾਉ ਦਿੰਦਾ ਪ੍ਰਤੀਤ ਹੁੰਦਾ ਹੈ ਕਿ ਹਰੇਕ ਪ੍ਰਕਾਰ ਦੇ ਪਸ਼ੂਆਂ ਅਤੇ ਪੰਛੀਆਂ ਵਿੱਚੋਂ ਕੁਲ ਸੱਤ ਲਿਜਾਣੇ ਸਨ, ਪਰ ਫਿਰ ਸਪੱਸ਼ਟ ਤੌਰ 'ਤੇ ਲਿਖਿਆ ਹੈ ਕਿ "ਨਰ ਅਰ ਉਨ੍ਹਾਂ ਦੀਆਂ ਨਾਰੀਆਂ" ਲਿਜਾਣੀਆਂ ਹਨ। NRSV ਨੇ ਇੱਥੇ ਸਭਨਾਂ ਸ਼ੁੱਧ ਪਸ਼ੂਆਂ ਅਤੇ ਪੰਛੀਆਂ ਦੇ "ਸੱਤ ਜੋੜੇ" ਲਿਖਿਆ ਹੈ (ਵੇਖੋ ESV; NJPSV; REB)। ਬਾਅਦ ਵਿੱਚ ਦਿੱਤਾ ਗਿਆ ਅਨੁਵਾਦ ਸ਼ਾਇਦ ਬਿਹਤਰ ਹੈ, "ਸੱਤ ਸੱਤ" ਤੋਂ ਬਾਅਦ "ਨਰ ਅਰ ਉਨ੍ਹਾਂ ਦੀਆਂ ਨਾਰੀਆਂ" ਲਿਖਿਆ ਹੈ, ਜੋ ਇਹ ਸੁਝਾਉ ਦਿੰਦਾ ਹੈ ਕਿ ਹਰੇਕ ਪ੍ਰਜਾਤੀ ਵਿੱਚੋਂ ਸੱਤ ਜੋੜੇ ਲੈਣੇ ਸਨ। ਪਰਮੇਸ਼ੁਰ ਨੇ ਨੂਹ ਨੂੰ **ਅਸ਼ੁੱਧ ਪਸ਼ੂਆਂ ਵਿੱਚੋਂ** ਵੀ ਕੁਝ ਨੂੰ ਕਿਸ਼ਤੀ ਵਿੱਚ ਲਿਜਾਣ ਦਾ ਹੁਕਮ ਦਿੱਤਾ। ਹਰੇਕ ਪ੍ਰਜਾਤੀ ਵਿੱਚੋਂ **ਦੋ ਦੋ** ਜਾਂ ਇੱਕ "ਜੋੜਾ" (NRSV; ESV; REB) ਸੁਰੱਖਿਅਤ ਰੱਖਿਆ ਜਾਣਾ ਸੀ: **ਨਰ ਅਰ ਉਨ੍ਹਾਂ ਦੀਆਂ ਨਾਰੀਆਂ** (ਵੇਖੋ 6:19)। ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਨੂਹ ਜਲ ਪਰਲੋ ਤੋਂ ਬਾਅਦ ਸਭਨਾਂ ਭਿੰਨ-ਭਿੰਨ ਪ੍ਰਕਾਰ ਦੀਆਂ ਪ੍ਰਜਾਤੀਆਂ ਨੂੰ **ਜਿਉਂਦੀ** ਰੱਖ ਸਕਦਾ ਸੀ।

ਮੂਸਾ ਦੀ ਸ਼ਰਾ ਦਿੱਤੇ ਜਾਣ ਤੋਂ ਬਹੁਤ ਪਹਿਲਾਂ ਹੀ,[1] ਸ਼ੁੱਧ ਅਤੇ ਅਸ਼ੁੱਧ ਪਸ਼ੂਆਂ ਅਤੇ ਪੰਛੀਆਂ ਵਿਚਕਾਰ ਭਿੰਨਤਾ ਕਰ ਦਿੱਤੀ ਗਈ ਸੀ। ਇਸ ਤੋਂ ਇਹ ਪ੍ਰਮਾਣਿਤ ਨਹੀਂ ਹੁੰਦਾ, ਜਿਵੇਂ ਕਿ ਸੁਝਾਉ ਦਿੱਤਾ ਗਿਆ ਹੈ, ਕਿ ਮੂਸਾ ਦੀ ਸ਼ਰਾ ਨੂੰ ਲਿਖਦਿਆਂ ਯਹੂਦੀ ਲੇਖਕਾਂ ਨੇ ਆਪਣੇ ਇਤਹਾਸ ਵਿੱਚੋਂ ਇਹ ਗੱਲਾਂ ਲੈ ਕੇ ਲਿਖੀਆਂ ਸਨ। ਸਗੋਂ ਇਹ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਬਹੁਤ ਪਹਿਲਾਂ ਹੀ ਪਰਮੇਸ਼ੁਰ ਨੇ ਉਨ੍ਹਾਂ ਪਸ਼ੂਆਂ ਅਤੇ ਪੰਛੀਆਂ ਵਿੱਚ ਭਿੰਨਤਾ ਕਰ ਦਿੱਤੀ ਸੀ ਜਿਨ੍ਹਾਂ ਨੂੰ ਬਲੀਦਾਨ ਵਜੋਂ ਚੜ੍ਹਾਇਆ ਜਾਣਾ ਸੀ (ਸ਼ੁੱਧ) ਅਤੇ ਜਿਨ੍ਹਾਂ ਨੂੰ ਬਲੀਦਾਨ ਵਜੋਂ ਸਵੀਕਾਰ ਨਹੀਂ ਕੀਤਾ ਜਾਣਾ ਸੀ (ਅਸ਼ੁੱਧ)। ਇਨ੍ਹਾਂ ਨਿਯਮਾਂ ਨੂੰ ਹੀ ਮੂਸਾ ਦੀ ਸ਼ਰਾ ਵਿੱਚ ਸ਼ਾਮਲ ਕੀਤਾ ਗਿਆ ਸੀ (ਲੇਵੀਆਂ 11:1-47; ਬਿਵਸਥਾ ਸਾਰ 14:3-20) ਅਤੇ ਇਹ ਤਦ ਤੱਕ ਪਰਵਾਨਯੋਗ ਰਹੇ ਜਦ ਤੱਕ ਕਿ ਸਲੀਬ ਉੱਤੇ ਯਿਸੂ ਦੇ ਬਲੀਦਾਨ ਨੇ ਬਲੀਦਾਨਾਂ ਦੀ ਇਸ ਪ੍ਰਣਾਲੀ ਨੂੰ ਸੰਪੂਰਣ ਕਰਕੇ ਇੱਕ ਪਾਸੇ ਨਹੀਂ ਕਰ ਦਿੱਤਾ (ਇਬਰਾਨੀਆਂ 7:27; 9:12, 28; 10:10)।

**ਆਇਤ 4.** ਬਾਈਬਲ ਇਹ ਨਹੀਂ ਦੱਸਦੀ ਕਿ ਪਹਿਲਾਂ ਇਹ ਐਲਾਨ ਕਰਨ ਤੋਂ ਬਾਅਦ ਕਿ ਉਹ ਧਰਤੀ ਉੱਤੇ ਜਲ ਪਰਲੋ ਭੇਜੇਗਾ ਪਰਮੇਸ਼ੁਰ ਨੇ ਕਿੰਨੀ ਦੇਰ ਕੀਤੀ ਸੀ, ਪਰ ਇਹ ਸ਼ਾਇਦ ਕੁਝ ਸਾਲਾਂ ਦੀ ਦੇਰੀ ਸੀ ਜਿਸ ਨੇ ਨੂਹ ਨੂੰ ਕਿਸ਼ਤੀ ਬਣਾਉਣ ਦਾ ਸਮਾਂ ਦਿੱਤਾ। ਆਇਤ 4 ਵਿੱਚ, ਯਹੋਵਾਹ ਨੇ ਸ਼ਿੱਦਤ ਨੂੰ ਵਿਅਕਤ ਕੀਤਾ ਕਿਉਂਕਿ ਜਲ ਪਰਲੋ ਤੋਂ ਪਹਿਲਾਂ ਦੀ ਪੀੜ੍ਹੀ ਦੇ ਲਈ ਉਸ ਦੀ ਧੀਰਜ ਵਾਲੀ ਕਿਰਪਾ ਦਾ ਸਮਾਂ ਲਗਭਗ ਬੀਤ ਚੁੱਕਾ ਸੀ। ਹੋਰ ਦੇਰੀ ਕਿਤੇ ਬਿਨਾਂ – ਸਿਰਫ **ਹੋਰ ਸੱਤ ਦਿਨਾਂ** ਵਿੱਚ – ਉਹ **ਧਰਤੀ ਤੇ ਮੀਂਹ ਵਰ੍ਹਾਵੇਗਾ**। ਇਹ ਮੀਂਹ **ਚਾਲੀ ਦਿਨ ਅਰ ਚਾਲੀ ਰਾਤ** ਵਰ੍ਹੇਗਾ।[2] ਇਹ ਮੀਂਹ ਇੰਨਾ ਜ਼ਿਆਦਾ ਵਿਨਾਸ਼ਕਾਰੀ ਹੋਵੇਗਾ ਕਿ **ਸਰਬੱਤ ਜਾਨਾਂ** ਜੋ ਪਰਮੇਸ਼ੁਰ ਨੇ **ਬਣਾਈਆਂ** ਸਨ **ਜ਼ਮੀਨ ਦੇ ਉੱਤੋਂ ਮੇਟ ਦਿੱਤੀਆਂ** ਜਾਣਗੀਆਂ।

**ਆਇਤ 5.** ਲੇਖਕ ਨੇ ਫੇਰ ਪੁਕਾਰ ਕੇ ਆਖਿਆ ਕਿ **ਜਿਵੇਂ ਯਹੋਵਾਹ ਨੇ ਆਗਿਆ ਦਿੱਤੀ**

**ਨੂਹ ਨੇ ਸਭ ਕੁਝ ਤਿਵੇਂ ਹੀ ਕੀਤਾ**। 6:22 ਵਿੱਚ ਇਨ੍ਹਾਂ ਹੀ ਸ਼ਬਦਾਂ ਦਾ ਮੁੜ ਤੋਂ ਦੁਹਰਾਇਆ ਜਾਣਾ ਇਸ ਗੱਲ ਦੀ ਉਦਾਹਰਣ ਹੈ ਕਿ ਲਗਾਤਾਰ ਪੜਾਵਾਂ ਵਿੱਚ, ਨੂਹ ਨੇ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕੀਤਾ। ਇਹੋ ਜਿਹਾ ਕਥਨ ਇਸਰਾਏਲ ਦੇ ਲੋਕਾਂ ਲਈ (ਅਤੇ ਬਾਅਦ ਵਿੱਚ ਮਸੀਹੀ ਲੋਕਾਂ ਦੇ ਲਈ) ਮਹੱਤਵਪੂਰਣ ਰਿਹਾ ਹੋਵੇਗਾ ਜਿਨ੍ਹਾਂ ਨੂੰ ਇਹ ਸਿੱਖਣ ਦੀ ਲੋੜ ਸੀ ਕਿ ਆਗਿਆਕਾਰਤਾ ਮਹੱਤਵਪੂਰਣ ਹੈ ਜੇਕਰ ਪਰਮੇਸ਼ੁਰ ਦੇ ਲੋਕ ਉਸ ਦੀਆਂ ਬਰਕਤਾਂ ਦਾ ਅਨੰਦ ਮਾਣਨ ਦੀ ਉਮੀਦ ਕਰਦੇ ਹਨ।

**ਆਇਤਾਂ 6, 7. ਨੂਹ ਅਰ ਉਹ ਦੇ ਪੁੱਤ੍ਰ ਅਰ ਉਹ ਦੀ ਤੀਵੀਂ ਅਰ ਉਹ ਦੀਆਂ ਨੂਹਾਂ** "ਕੁੱਲ ਮਿਲਾ ਕੇ ਅੱਠ ਜਣੇ" ਕਿਸ਼ਤੀ ਵਿੱਚ ਗਏ (1 ਪਤਰਸ 3:20; NIV)। 7:6 ਅਨੁਸਾਰ, ਜਦੋਂ ਜਲ ਪਰਲੋ ਆਈ ਤਾਂ ਨੂਹ ਪਹਿਲਾਂ ਤੋਂ ਹੀ ਛੇ ਸੌ ਵਰਿਹਾਂ ਦਾ ਸੀ। ਇਹ ਜਾਣਕਾਰੀ, 5:32 ਵਿੱਚ ਨੂਹ ਦੀ ਉਮਰ ਬਾਰੇ ਕਥਨ ਨਾਲ ਜੋੜਨ ਤੇ, ਇਹ ਇਸ਼ਾਰਾ ਕਰਦੀ ਹੈ ਕਿ ਜਲ ਪਰਲੋ ਦੇ ਸਮੇਂ ਉਸ ਦੇ ਪੁੱਤਰਾਂ ਵਿੱਚੋਂ ਘੱਟੋ-ਘੱਟ ਇੱਕ ਪੁੱਤਰ ਲਗਭਗ ਸੌ ਸਾਲਾਂ ਦਾ ਸੀ (10:21; 11:10 ਤੇ ਟਿੱਪਣੀਆਂ ਵੇਖੋ)। ਮੂਲ ਲਿਖਤ ਜਲ ਪਰਲੋ ਤੋਂ ਬਾਅਦ ਹੋਰ ਬੱਚਿਆਂ ਦੇ ਜਨਮ ਦਾ ਜ਼ਿਕਰ ਨਹੀਂ ਕਰਦੀ, ਹਾਲਾਂਕਿ ਨੂਹ ਹੋਰ "ਤਿੰਨ ਸੌ ਪੰਜਾਹ ਵਰਿਹਾਂ ਤੀਕ" ਜੀਉਂਦਾ ਰਿਹਾ ਸੀ (9:28)।

**ਆਇਤਾਂ 8, 9.** ਇਹ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਨੂਹ ਨੇ ਉਹੀ ਕੀਤਾ ਜੋ 7:2, 3 ਵਿੱਚ ਪਰਮੇਸ਼ੁਰ ਨੇ ਉਸ ਨੂੰ ਕਰਨ ਦਾ ਹੁਕਮ ਦਿੱਤਾ ਸੀ, ਉਹ **ਸ਼ੁੱਧ ਡੰਗਰਾਂ** ਅਤੇ **ਅਸ਼ੁੱਧ ਡੰਗਰਾਂ**, ਨਾਲੇ **ਪੰਛੀਆਂ ਅਤੇ ਸਭ ਜ਼ਮੀਨ ਉੱਤੇ ਘਿੱਸਰਨ ਵਾਲਿਆਂ** ਨੂੰ ਕਿਸ਼ਤੀ ਵਿੱਚ ਆਪਣੇ ਨਾਲ ਲੈ ਗਿਆ। ਯਹੋਵਾਹ ਦੀ ਆਗਿਆ ਅਨੁਸਾਰ, ਜਾਨਵਰ **ਦੋ ਦੋ ਨਰ ਨਾਰੀ** ਕਿਸ਼ਤੀ ਵਿੱਚ ਵੜ ਗਏ।

ਕੁਝ ਟਿੱਪਣੀਕਾਰ ਵਿਰੋਧ ਕਰਦੇ ਹਨ ਕਿ ਉਤਪਤ ਦੇ ਲੇਖਕ ਦੁਆਰਾ ਵੱਖ-ਵੱਖ ਸ੍ਰੋਤਾਂ ਨੂੰ ਇਸਤੇਮਾਲ ਕਰਨ ਦੇ ਕਾਰਣ, 7:2, 3 ਅਤੇ 7:8, 9 ਵਿਚਕਾਰ ਭਿੰਨਤਾ ਹੈ। ਫਿਰ ਵੀ, ਇਨ੍ਹਾਂ ਆਇਤਾਂ ਵਿਚਕਾਰ ਵਿਰੋਧਾਭਾਸ ਨਹੀਂ ਹੈ। ਪਹਿਲਾ ਇਹ ਨਿਰਧਾਰਤ ਕਰਦਾ ਹੈ ਕਿ ਸ਼ੁੱਧ ਜਾਨਵਰਾਂ ਦੇ ਸੱਤ ਜੋੜੇ ਅਤੇ ਅਸ਼ੁੱਧ ਜਾਨਵਰਾਂ ਦੇ ਇੱਕ ਜੋੜੇ ਨੂੰ ਪਰਲੋ ਤੋਂ ਬਚਾਉਣਾ ਸੀ, ਜਦ ਕਿ ਬਾਅਦ ਵਾਲਾ ਇਹ ਦੱਸਦਾ ਹੈ ਕਿ ਸ਼ੁੱਧ ਅਤੇ ਅਸ਼ੁੱਧ ਦੋਵੇਂ ਤਰ੍ਹਾਂ ਦੇ ਜਾਨਵਰ ਜੋੜਾ-ਜੋੜਾ ਕਰਕੇ ਕਿਸ਼ਤੀ ਵਿੱਚ ਵੜੇ ਸਨ। 7:8, 9 ਵਿੱਚ ਸ਼ੁੱਧ ਜਾਨਵਰਾਂ ਦੇ ਸੱਤ ਜੋੜਿਆਂ ਦਾ ਫੇਰ ਤੋਂ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕਰਨ ਦਾ ਲੇਖਕ ਕੋਲ ਹੋਰ ਕੋਈ ਕਾਰਣ ਨਹੀਂ ਸੀ।

**ਆਇਤ 10. ਸੱਤਾਂ ਦਿਨਾਂ** ਦੇ ਪੂਰੇ ਹੋਣ ਤੇ ਜਲ ਪਰਲੋ ਸ਼ੁਰੂ ਹੋਈ, ਜਿਵੇਂ ਕਿ ਯਹੋਵਾਹ ਨੇ ਪਹਿਲਾਂ ਤੋਂ ਹੀ ਦੱਸ ਦਿੱਤਾ ਸੀ। **ਜਲ ਪਰਲੋ** ਆਉਣ ਤੋਂ ਇੱਕ ਹਫ਼ਤਾ ਪਹਿਲਾਂ ਨੂਹ ਅਤੇ ਉਸ ਦੇ ਪਰਿਵਾਰ ਨੇ ਉਹ ਆਖ਼ਰੀ ਹਫ਼ਤਾ ਕਿਵੇਂ ਬਿਤਾਇਆ ਸੀ ਇਸ ਬਾਰੇ ਬਹੁਤ ਜ਼ਿਆਦਾ ਕਿਆਸ ਲਗਾਏ ਗਏ ਹਨ। ਕਈਆਂ ਨੇ ਇਹ ਸੁਝਾਅ ਦਿੱਤਾ ਹੈ ਕਿ ਨੂਹ ਆਪਣੇ ਸਮਾਜ ਦੇ ਉਨ੍ਹਾਂ ਲੋਕਾਂ ਅੱਗੇ ਜਿਨ੍ਹਾਂ ਨੇ ਤੋਬਾ ਨਹੀਂ ਸੀ ਕੀਤੀ ਪਰਚਾਰ ਕਰਦਾ ਰਿਹਾ। ਸ਼ਾਇਦ ਉਹ ਅਤੇ ਉਸ ਦਾ ਪਰਿਵਾਰ ਨਾਸ ਹੋ ਰਹੀ ਪੀੜ੍ਹੀ ਦੇ ਲਈ ਪ੍ਰਾਰਥਨਾ ਕਰਨ ਅਤੇ ਸੋਗ ਕਰਨ ਵਿੱਚ ਲੱਗੇ ਰਹੇ। ਇੱਕ ਵੱਖਰਾ ਸੁਝਾਅ ਜੋ ਵਿਕਸਿਤ ਕੀਤਾ ਗਿਆ ਹੈ ਦ੍ਰਿੜ੍ਹਤਾ ਨਾਲ ਇਹ ਕਹਿੰਦਾ ਹੈ ਕਿ ਉਹ ਇੱਕ ਹਫ਼ਤੇ ਦੇ ਲਈ ਕਿਸ਼ਤੀ ਦੇ ਅੰਦਰ ਹੀ ਰਹਿ ਕੇ ਲੰਬੇ ਸਮੇਂ ਤੱਕ ਕਿਸ਼ਤੀ ਵਿੱਚ ਰਹਿਣ ਦੀ ਤਿਆਰੀ ਕਰਦੇ ਰਹੇ। ਜਦ ਕਿ ਪਹਿਲਾ ਜਾਂ ਪਹਿਲੇ ਦੋਵੇਂ ਸੁਝਾਅ ਸੰਭਵ ਹਨ, ਆਖ਼ਰੀ ਸੁਝਾਅ ਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ 12 ਅਤੇ 13 ਆਇਤਾਂ ਇਹ ਸੰਕੇਤ ਦਿੰਦੀਆਂ ਹਨ ਕਿ ਨੂਹ ਅਤੇ ਉਸ ਦਾ ਪਰਿਵਾਰ ਕਿਸ਼ਤੀ ਵਿੱਚ ਉਸੇ ਦਿਨ ਵੜੇ ਜਿਸ ਦਿਨ ਵਰਖਾ ਆਈ ਸੀ;[3]

ਸਾਨੂੰ ਇਸ ਦੇ ਸੰਬੰਧ ਵਿੱਚ ਕੋਈ ਸਟੀਕ ਵੇਰਵਾ ਨਹੀਂ ਦਿੱਤਾ ਗਿਆ ਹੈ ਕਿ ਜਲ ਪਰਲੋ ਤੋਂ ਸੱਤ ਦਿਨ ਪਹਿਲਾਂ ਉਹ ਕੀ ਕਰਦੇ ਰਹੇ। ਆਇਤ 13 ਵਿੱਚ ਅਨੁਵਾਦ ਕੀਤਾ ਗਿਆ "ਵੜੇ" ਸ਼ਬਦ ਦੀ ਇਬਰਾਨੀ ਕਿਰਿਆ ਦਾ ਰੂਪ (ਅ੍ਬੂ, *ਬਾ*) ਇਹ ਇਸ਼ਾਰਾ ਕਰਦਾ ਹੈ ਕਿ ਪਰਿਵਾਰ ਉਸੇ ਦਿਨ ਕਿਸ਼ਤੀ ਦੇ ਅੰਦਰ ਵੜਿਆ ਜਿਸ ਦਿਨ ਵਰਖਾ ਸ਼ੁਰੂ ਹੋਈ ਸੀ। ਸੰਭਵ ਤੌਰ ਤੇ, ਉਹ ਸਾਰੇ ਜਾਨਵਰਾਂ, ਪੰਛੀਆਂ ਅਤੇ ਘਿੱਸਰਨ ਵਾਲਿਆਂ ਨੂੰ ਵੱਖ-ਵੱਖ ਥਾਵਾਂ ਅਤੇ ਆਲ੍ਹਣਿਆਂ ਵਿੱਚ ਰੱਖ ਰਹੇ ਸਨ ਅਤੇ ਰਾਸ਼ਨ ਵਗੈਰਾ ਉਲੱਦ ਰਹੇ ਸਨ ਜਿਸ ਦੀ ਉਨ੍ਹਾਂ ਨੂੰ ਸਾਲ ਭਰ ਲੋੜ ਪੈਣੀ ਸੀ ਇਸ ਤੋਂ ਪਹਿਲਾਂ ਕਿ ਉਹ ਕਿਸ਼ਤੀ ਵਿੱਚ ਵੜਦੇ।

## ਜਲ ਪਰਲੋ ਦਾ ਆਰੰਭ (7:11-16)

**[11]ਨੂਹ ਦੇ ਜੀਵਣ ਦੇ ਛੇ ਸੌਵੇਂ ਵਰਹੇ ਦੇ ਦੂਜੇ ਮਹੀਨੇ ਦੇ ਸਤਾਰਵੇਂ ਦਿਨ ਹੀ ਵੱਡੀ ਡੂੰਘਿਆਈ
ਦੇ ਸਾਰੇ ਸੋਤੇ ਫੁੱਟ ਨਿੱਕਲੇ ਅਰ ਅਕਾਸ਼ ਦੀਆਂ ਖਿੜਕੀਆਂ ਖੁਲ੍ਹ ਗਈਆਂ। [12]ਅਤੇ ਧਰਤੀ ਉੱਤੇ
ਚਾਲੀ ਦਿਨ ਅਰ ਚਾਲੀ ਰਾਤ ਵਰਖਾ ਹੁੰਦੀ ਰਹੀ। [13]ਉਸੇ ਦਿਨ ਨੂਹ ਅਰ ਸ਼ੇਮ ਅਰ ਹਾਮ ਅਰ
ਯਾਫ਼ਥ ਨੂਹ ਦੇ ਪੁੱਤ੍ਰ ਅਰ ਨੂਹ ਦੀ ਤੀਵੀਂ ਅਰ ਉਹ ਦੀਆਂ ਤਿੰਨੇ ਨੂਹਾਂ ਉਹ ਦੇ ਨਾਲ ਕਿਸ਼ਤੀ
ਵਿੱਚ ਵੜੇ। [14]ਏਹ ਅਤੇ ਹਰ ਜੰਗਲੀ ਜਾਨਵਰ ਉਹ ਦੀ ਜਿਨਸ ਦੇ ਅਨੁਸਾਰ, ਹਰ ਡੰਗਰ ਉਹ
ਦੀ ਜਿਨਸ ਦੇ ਅਨੁਸਾਰ ਅਤੇ ਹਰ ਧਰਤੀ ਪੁਰ ਘਿੱਸਰਨ ਵਾਲਾ ਉਹ ਦੀ ਜਿਨਸ ਦੇ ਅਨੁਸਾਰ
ਅਤੇ ਹਰ ਪੰਛੀ ਉਹ ਦੀ ਜਿਨਸ ਦੇ ਅਨੁਸਾਰ ਅਰ ਹਰ ਪਰਕਾਰ ਦੇ ਪੰਖੇਰੂ ਵੀ ਵੜੇ। [15]ਅਤੇ
ਓਹ ਜੋੜਾ ਜੋੜਾ ਸਾਰੇ ਸਰੀਰਾਂ ਵਿੱਚੋਂ ਜਿਨ੍ਹਾਂ ਦੇ ਵਿੱਚ ਜੀਵਣ ਦਾ ਸਾਹ ਸੀ ਕਿਸ਼ਤੀ ਵਿੱਚ ਨੂਹ
ਕੋਲ ਆਏ। [16]ਜੋ ਆਏ ਨਰ ਨਾਰੀ ਸਾਰੇ ਸਰੀਰਾਂ ਵਿੱਚੋਂ ਆਏ ਜਿਵੇਂ ਪਰਮੇਸ਼ੁਰ ਨੇ ਉਹ ਨੂੰ
ਆਗਿਆ ਦਿੱਤੀ ਸੀ ਅਤੇ ਯਹੋਵਾਹ ਨੇ ਉਹ ਨੂੰ ਅੰਦਰ ਬੰਦ ਕੀਤਾ।**

**ਆਇਤ 11.** ਜਲ ਪਰਲੋ ਦੀਆਂ ਮਹੱਤਵਪੂਰਣ ਘਟਨਾਵਾਂ ਦੀਆਂ ਮਿਤੀਆਂ ਨਿਸ਼ਚਤ ਰੂਪ ਵਿੱਚ ਹੇਠ ਲਿਖੇ ਅਨੁਸਾਰ ਹਨ: ਜਲ ਪਰਲੋ **ਨੂਹ ਦੇ ਜੀਵਣ ਦੇ ਛੇ ਸੌਵੇਂ ਵਰਹੇ ਦੇ ਦੂਜੇ ਮਹੀਨੇ ਦੇ ਸਤਾਰਵੇਂ ਦਿਨ** ਸ਼ੁਰੂ ਹੋਈ ਸੀ। ਜਲ ਪਰਲੋ ਦੀਆਂ ਕਹਾਣੀ ਦਾ ਵਰਣਨ ਕਰਨ ਦੇ ਲਈ ਇਨ੍ਹਾਂ ਸਮਾਂ ਅਵਧੀਆਂ ਦੀ ਵਰਤੋਂ ਬਿਰਤਾਂਤ ਦੀ ਇਤਹਾਸਕਤਾ ਦੇ ਲਈ ਦਲੀਲ ਪੇਸ਼ ਕਰਦੀ ਹੈ। ਤੁਲਨਾ ਵਿੱਚ, ਮਸੋਪੋਤਾਮਿਯਾ ਦੇ ਹੜ ਦੀਆਂ ਕਹਾਣੀਆਂ ਦਾ ਉਨ੍ਹਾਂ ਦੀ ਪੁਰਾਣਕ ਕਥਾ ਦੇ ਲਈ ਕੋਈ ਇਤਹਾਸਕ ਢਾਂਚਾ ਨਹੀਂ ਹੈ। ਇਸ ਸੰਖੇਪ ਜਾਣਕਾਰੀ ਦੇ ਨਾਲ ਵੀ, "ਦੂਜੇ ਮਹੀਨੇ" ਦੀ ਮਿਤੀ ਅਨਿਸ਼ਚਤ ਹੈ ਕਿਉਂਕਿ ਯਹੂਦੀ ਲੋਕਾਂ ਦੁਆਰਾ ਉਨ੍ਹਾਂ ਦੇ ਇਤਹਾਸ ਵਿੱਚ ਦੋ ਵੱਖ-ਵੱਖ ਕਲੰਡਰ ਵਰਤੇ ਜਾਂਦੇ ਸਨ। ਸਮਾਜਿਕ (ਜਾਂ ਖੇਤੀਬਾੜੀ) ਕਲੰਡਰ ਦੇ ਅਨੁਸਾਰ, ਪਹਿਲਾ ਮਹੀਨਾ ਪਤਝੜ ਵਿੱਚ ਹੁੰਦਾ ਸੀ (ਵੇਖੋ ਕੂਚ 23:16; 34:22); ਧਾਰਮਿਕ ਕਲੰਡਰ ਦੇ ਅਨੁਸਾਰ, ਪਹਿਲਾ ਮਹੀਨਾ ਸਾਲ ਦੀ ਬਸੰਤ ਰੁੱਤ ਵਿੱਚ ਹੁੰਦਾ ਸੀ (ਕੂਚ 12:2, 18; ਬਿਵਸਥਾ ਸਾਰ 16:1, 6)।[4] ਉਤਪਤ 8:22 ਵਿੱਚ "ਬੀਜਣ ਦੇ ਸਮੇਂ" ਦਾ ਹਵਾਲਾ ਜੋ ਇਸ ਤੱਥ ਦੇ ਨਾਲ ਦਿੱਤਾ ਗਿਆ ਹੈ ਕਿ ਕਿਸ਼ਤੀ ਵਿੱਚੋਂ ਬਾਹਰ ਨਿੱਕਲਣ ਤੋਂ ਬਾਅਦ, ਨੂਹ "ਜ਼ਿਮੀਂਦਾਰੀ ਕਰਨ ਲੱਗਾ ਅਤੇ ਅੰਗੂਰ ਦੀ ਬਾੜੀ ਲਾਈ" (9:20) ਇਹ ਭਾਵ ਦਿੰਦਾ ਹੈ ਕਿ ਇਹ ਪਤਝੜ ਦਾ ਸਮਾਂ ਸੀ ਜਦੋਂ ਨੂਹ ਅਤੇ ਉਸ ਦਾ ਪਰਿਵਾਰ ਕਿਸ਼ਤੀ ਵਿੱਚ ਵੜੇ ਅਤੇ ਇੱਕ ਸਾਲ ਅਤੇ ਦਸ ਦਿਨਾਂ ਬਾਅਦ ਇਸ ਵਿੱਚੋਂ ਬਾਹਰ ਨਿੱਕਲੇ (8:14-19)।[5]

"ਦੂਜੇ ਮਹੀਨੇ ਦੇ ਸਤਾਰਵੇਂ ਦਿਨ," ਅਸਲੀ ਰਚਨਾ ਦੇ ਉਲਟ ਹੋਣਾ ਸ਼ੁਰੂ ਹੋ ਗਿਆ ਜਿਸ ਨਾਲ ਇੱਕ ਵਾਰ ਫੇਰ ਅੰਬਰ ਦੇ ਉੱਪਰਲੇ ਪਾਣੀਆਂ ਨੂੰ ਅੰਬਰ ਦੇ ਹੇਠਲੇ ਪਾਣੀਆਂ ਨਾਲ ਜੋੜ

ਦਿੱਤਾ ਗਿਆ (ਵੇਖੋ 1:7)। ਇਸ ਅਣਸਿਰਜੇ ਸੰਸਾਰ ਵਿੱਚ, **ਡੂੰਘਿਆਈ ਦੇ ਸਾਰੇ ਸੋਤੇ ਫੁੱਟ ਨਿੱਕਲੇ**। ਪਰਤੱਖ ਰੂਪ ਵਿੱਚ, ਇਸ ਪ੍ਰਕਿਰਿਆ ਵਿੱਚ ਜ਼ਮੀਨ ਦੇ ਹੇਠਲੇ ਪਾਣੀ (ਜ਼ਮੀਨ ਦੇ ਹੇਠਾਂ ਦਰਿਆ ਅਤੇ ਨਦੀਆਂ) ਅਤੇ ਸੰਭਵ ਤੌਰ ਤੇ ਜ਼ਮੀਨ ਦੇ ਉੱਤਲੇ ਪਾਣੀ ਜੋ ਧਰਤੀ ਦੀ ਤਹਿ ਹੇਠਾਂ ਸਨ।

ਇਸ ਤੋਂ ਇਲਾਵਾ, **ਅਕਾਸ਼ ਦੀਆਂ ਖਿੜਕੀਆਂ ਖੁਲ੍ਹ ਗਈਆਂ**। "ਖਿੜਕੀਆਂ" ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ אֲרֻבָּה (*ਰੁਬਾਹ*) ਸ਼ਬਦ ਵਿੱਚੋਂ ਨਿੱਕਲਿਆ ਹੈ ਜਿਸ ਦਾ ਸ਼ਾਬਦਿਕ ਅਰਥ "ਖਿੜਕੀ" ਹੁੰਦਾ ਹੈ। ਇਸ ਸ਼ਬਦ ਨੂੰ ਜਥਾਰਥ ਰੂਪ ਵਿੱਚ ਨਹੀਂ ਲਿਆ ਜਾਣਾ ਚਾਹੀਦਾ, ਜਿਵੇਂ ਕਿ ਕਈਆਂ ਨੇ ਕੀਤਾ ਹੈ।[6] ਇਹ ਵਿਨਾਸ਼ ਕਰਨ ਵਾਲੀ ਉਸ ਮੁਸਲਾਧਾਰ ਵਰਖਾ ਦਾ ਵਰਣਨ ਕਰਨ ਦਾ ਇੱਕ ਪ੍ਰਤੀਕਾਤਮਕ ਤਰੀਕਾ ਹੈ ਜੋ ਪੁਰਾਣੇ ਸੰਸਾਰ ਨੂੰ ਤਬਾਹ ਕਰਨ ਦੇ ਲਈ ਇਨ੍ਹਾਂ "ਖਿੜਕੀਆਂ"[7] ਦੇ ਰਾਹੀਂ ਆਈ ਸੀ। ਅੱਗੇ ਜਾ ਕੇ ਬਾਈਬਲ ਦਾ ਬਿਰਤਾਂਤ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪਰਮੇਸ਼ੁਰ ਹੀ ਹੈ ਜਿਹੜਾ ਆਪਣੇ ਲੋਕਾਂ ਤੇ ਵੱਡੀਆਂ ਬਰਕਤਾਂ ਨੂੰ ਵਰਸਾਉਣ ਦੇ ਲਈ ਇਹੋ ਜਿਹੀਆਂ ਪ੍ਰਤੀਕਾਤਮਕ "ਖਿੜਕੀਆਂ" ਨੂੰ ਖੋਲ੍ਹਦਾ ਹੈ (2 ਰਾਜਿਆਂ 7:2, 19; ਮਲਾਕੀ 3:10)।

**ਆਇਤ 12. ਅਤੇ ਧਰਤੀ ਉੱਤੇ ਚਾਲੀ ਦਿਨ ਅਰ ਚਾਲੀ ਰਾਤ ਵਰਖਾ ਹੁੰਦੀ ਰਹੀ।** ਇਹ ਆਇਤ ਇਹ ਵਰਣਨ ਕਰਦੀ ਹੈ ਕਿ ਯਹੋਵਾਹ ਦਾ ਵਾਅਦਾ, ਜੋ 7:4 ਵਿੱਚ ਕੀਤਾ ਗਿਆ ਸੀ, ਪੂਰਾ ਹੋਇਆ ਸੀ। ਵਰਖਾ ਦਾ ਸਮਾਂ – ਜੋ ਕਿ ਇੱਕ ਮਹੀਨੇ ਤੋਂ ਕਾਫੀ ਉੱਪਰ ਸੀ – ਜਲ ਪਰਲੋ ਦੀ ਵੱਡੀ ਮਾਤਰਾ ਵੱਲ ਇਸ਼ਾਰਾ ਕਰਦਾ ਹੈ।

**ਆਇਤ 13. ਨੂਹ ਦੀ ਤੀਵੀਂ ਅਰ ਉਹ ਦੀਆਂ ਤਿੰਨੇ ਨੂਹਾਂ** ਤੋਂ ਪਹਿਲਾਂ **ਨੂਹ** ਅਤੇ ਉਸ ਦੇ ਪੁੱਤ **ਸ਼ੇਮ**, **ਹਾਮ** ਅਤੇ **ਯਾਫ਼ਥ** ਦਾ ਜ਼ਿਕਰ ਬਿਰਤਾਂਤ ਦੇ ਪਿਤਾਪੁਰਖੀ ਦ੍ਰਿਸ਼ਟੀਕੋਣ ਤੇ ਜ਼ੋਰ ਦਿੰਦਾ ਹੈ। ਨੂਹ ਅਤੇ ਉਸ ਦੇ ਪੁੱਤਰਾਂ ਦਾ ਹਵਾਲਾ ਹਮੇਸ਼ਾ ਨੂਹ ਦੀ ਤੀਵੀਂ ਅਤੇ ਉਨ੍ਹਾਂ ਦੇ ਪੁੱਤਰਾਂ ਦੀਆਂ ਤੀਵੀਆਂ ਤੋਂ ਪਹਿਲਾਂ ਦਿੱਤਾ ਗਿਆ ਹੈ (6:18; 7:7, 13; 8:18)। ਕਹਾਣੀ ਵਿੱਚ ਕਿਸੇ ਵੀ ਤੀਵੀਂ ਦਾ ਨਾਮ ਨਹੀਂ ਦਿੱਤਾ ਗਿਆ ਹੈ: ਨਾ ਹੀ ਨੂਹ ਦੀ ਤੀਵੀਂ ਦਾ ਨਾ ਹੀ ਉਸ ਦੇ ਪੁੱਤਰਾਂ ਦੀਆਂ ਤੀਵੀਆਂ ਦਾ। ਅੱਯੂਬ ਦੀ ਤੀਵੀਂ ਦੇ ਵਾਂਗ (ਅੱਯੂਬ 2:9, 10), ਨੂਹ ਦੀ ਤੀਵੀਂ ਨੂੰ ਸਿਰਫ ਉਸ ਦੇ ਪਤੀ ਨਾਲ ਉਸ ਦੇ ਰਿਸ਼ਤੇ ਤੋਂ ਹੀ ਜਾਣਿਆ ਜਾਂਦਾ ਹੈ।

ਹਾਲਾਂਕਿ ਅਸੀਂ ਉਨ੍ਹਾਂ ਤੀਵੀਆਂ ਦੇ ਬਾਰੇ ਬਹੁਤ ਘੱਟ ਜਾਣਦੇ ਹਾਂ ਜਿਹੜੀਆਂ ਜਲ ਪਰਲੋ ਆਉਣ ਤੋਂ ਪਹਿਲਾਂ ਦੀ ਕਹਾਣੀ ਵਿੱਚ ਸ਼ਾਮਲ ਸਨ, ਅਸੀਂ ਕਾਫੀ ਕੁਝ ਜਾਣਦੇ ਹਾਂ: ਉਹ ਉਸ ਨੈਤਿਕ ਪਤਨ ਦਾ ਹਿੱਸਾ ਸਨ ਜੋ ਲਾਮਕ ਨਾਲ ਸ਼ੁਰੂ ਹੋਇਆ ਸੀ (4:19) ਅਤੇ ਜਲ ਪਰਲੋ ਆਉਣ ਤੋਂ ਪਹਿਲਾਂ ਦੇ ਸਮੇਂ ਤੱਕ ਜਾਰੀ ਰਿਹਾ ਸੀ (6:5)। ਚਾਰੇ ਦੇ ਚਾਰੇ ਇੱਕੋ ਪਤਨੀ ਰੱਖਣ ਵਾਲੇ ਵਿਆਹਾਂ ਦਾ ਹਿੱਸਾ ਸਨ। ਨੂਹ ਦੇ ਪਰਿਵਾਰ ਵਿੱਚ ਕੁੱਲ ਅੱਠ ਜੀਅ ਸਨ (1 ਪਤਰਸ 3:20) ਅਤੇ ਸੇਥ ਦੀ ਪਹਿਲੀ ਧਰਮੀ ਸੰਤਾਨ ਦਾ ਹਵਾਲਾ ਜਿਸ ਦੀਆਂ ਇੱਕ ਤੋਂ ਵੱਧ ਪਤਨੀਆਂ ਸਨ ਅਬਰਾਹਾਮ ਦੀ ਕਹਾਣੀ ਤੋਂ ਪਹਿਲਾਂ ਨਹੀਂ ਆਉਂਦਾ।

**ਆਇਤਾਂ 14, 15.** ਲੇਖਕ ਨੇ ਉਸ ਨੂੰ ਦੁਬਾਰਾ ਸ਼ੁਰੂ ਕੀਤਾ ਅਤੇ ਉਸ ਨੂੰ ਵਿਸਤਾਰ ਨਾਲ ਦੱਸਿਆ ਜੋ ਉਹ 7:6-10 ਵਿੱਚ ਪਹਿਲਾਂ ਹੀ ਦੱਸ ਚੁੱਕਾ ਸੀ: ਨੂਹ ਅਤੇ ਉਸ ਦੇ ਪਰਿਵਾਰ ਦੇ ਨਾਲ-ਨਾਲ ਵੱਖ-ਵੱਖ ਤਰ੍ਹਾਂ ਦੇ **ਜੰਗਲੀ ਜਾਨਵਰ** [ਰਾਂ], **ਡੰਗਰ**, **ਧਰਤੀ ਪੁਰ ਘਿੱਸਰਨ ਵਾਲਾ** [ਵਾਲੇ] ਅਤੇ **ਪੰਛੀ** [ਆਂ] ਦਾ ਕਿਸ਼ਤੀ ਵਿੱਚ ਵੜਨਾ। ਇਹ ਕਥਨ **ਉਹ ਕਿਸ਼ਤੀ ਵਿੱਚ ਨੂਹ ਕੋਲ ਆਏ** ਵਾਪਸ ਨਾ ਸਿਰਫ 7:9 ਪਰ 6:19, 20 ਵੱਲ ਵੀ ਇਸ਼ਾਰਾ ਕਰਦਾ ਹੈ। ਨੂਹ ਨੂੰ ਇਨ੍ਹਾਂ ਜਾਨਵਰਾਂ ਦੀ ਭਾਲ ਨਹੀਂ ਕਰਨੀ ਪਈ; ਪਰਮੇਸ਼ੁਰ ਉਨ੍ਹਾਂ ਨੂੰ ਉਸ ਦੇ ਕੋਲ ਲੈ ਕੇ ਆਇਆ। ਇਹ

ਦ੍ਰਿਸ਼ ਉਸ ਦ੍ਰਿਸ਼ ਦੀ ਯਾਦ ਦਿਵਾਉਂਦਾ ਹੈ ਜਦੋਂ ਪਰਮੇਸ਼ੁਰ ਬਾਗ ਵਿੱਚ ਆਦਮ ਦੇ ਕੋਲ ਵੱਖ-ਵੱਖ ਪ੍ਰਾਣੀਆਂ ਨੂੰ ਲੈ ਕੇ ਆਇਆ ਤਾਂ ਕਿ ਆਦਮ ਉਨ੍ਹਾਂ ਨੂੰ ਨਾਉਂ ਦੇ ਸਕੇ (2:19)। ਮੌਜੂਦਾ ਹਾਲਤ ਵਿੱਚ, **ਉਹ ਜੋੜਾ ਜੋੜਾ** ["ਦੋ ਦੋ ਕਰਕੇ"; NKJV] **ਸਾਰੇ ਸਰੀਰਾਂ ਵਿੱਚੋਂ ਜਿਨ੍ਹਾਂ ਦੇ ਵਿੱਚ ਜੀਵਣ ਦਾ ਸਾਹ ਸੀ** ਨੂਹ ਦੇ ਕੋਲ ਆਏ। ਇਹ ਭਾਸ਼ਾ 6:17 ਵਿੱਚੋਂ ਦੁਹਰਾਈ ਗਈ ਹੈ, ਜਿੱਥੇ "ਸਾਰੇ ਸਰੀਰਾਂ ਨੂੰ ਜਿਨ੍ਹਾਂ ਵਿੱਚ ਜੀਵਣ ਦਾ ਸਾਹ ਹੈ" ਉਸ ਦਾ ਵਰਣਨ ਕਰਨ ਦੇ ਲਈ ਵਰਤਿਆ ਗਿਆ ਹੈ ਜੋ ਨਾਸ ਹੋ ਜਾਵੇਗਾ। ਇਸ ਦੇ ਉਲਟ, ਇਹ ਪ੍ਰਾਣੀ ਕਿਸ਼ਤੀ ਦੀ ਪਨਾਹ ਵਿੱਚ ਬਚਾ ਲਏ ਜਾਣਗੇ।

**ਆਇਤ 16.** ਵਧੇਰੇ ਜਾਣਕਾਰੀ ਸ਼ਾਮਲ ਕਰਨ ਦਾ ਕਾਰਣ ਸ਼ਾਇਦ ਨਿਹਚਾ ਦੇ ਨਿਰਣਾਇਕ ਕਾਰਜ ਤੇ ਜ਼ੋਰ ਦੇਣਾ ਹੋਵੇਗਾ ਜੋ ਇਨ੍ਹਾਂ ਅੱਠ ਭਰੋਸਾ ਕਰਨ ਵਾਲੀਆਂ ਜਾਨਾਂ ਦੇ ਲਈ ਜ਼ਰੂਰੀ ਸੀ, ਜਿਹੜੀਆਂ ਨਾ ਤਾਂ ਕਿਸ਼ਤੀ ਵਿੱਚ ਵੜਨ ਤੋਂ ਝਿੱਜਕੀਆਂ ਨਾ ਹੀ ਕੋਈ ਅੜੀ ਕੀਤੀ ਜਦੋਂ **ਯਹੋਵਾਹ ਨੇ ਉਹ ਨੂੰ ਅੰਦਰ ਬੰਦ ਕੀਤਾ**। ਕੀ ਇਹ ਕਿਸ਼ਤੀ ਉਨ੍ਹਾਂ ਨੂੰ ਉੱਪਰ ਉਠਾ ਲਵੇਗੀ ਅਤੇ ਉਨ੍ਹਾਂ ਨੂੰ ਬਾਹਰ ਦੇ ਤੇਜ਼ ਤੁਫ਼ਾਨ ਤੋਂ ਬਚਾਵੇਗੀ, ਜਾਂ ਇਹ ਉਨ੍ਹਾਂ ਦੇ ਲਈ ਇੱਕ ਕਬਰ ਬਣ ਜਾਵੇਗੀ ਜਿਸ ਦੇ ਵਿੱਚੋਂ ਉਹ ਬਚ ਕੇ ਨਹੀਂ ਨਿੱਕਲ ਸਕਦੇ, ਕਿਉਂਕਿ ਯਹੋਵਾਹ ਨੇ ਉਨ੍ਹਾਂ ਨੂੰ ਅੰਦਰ ਬੰਦ ਕੀਤਾ ਸੀ? ਮਨੁੱਖੀ ਦ੍ਰਿਸ਼ਟੀਕੋਣ ਤੋਂ, ਸਫ਼ਲਤਾ ਦੀ ਕੋਈ ਗਰੰਟੀ ਨਹੀਂ ਸੀ; ਉਨ੍ਹਾਂ ਦੇ ਕੋਲ ਸਿਰਫ ਯਹੋਵਾਹ ਦੇ ਵੱਲੋਂ ਦਿੱਤੇ ਵਚਨ ਦਾ ਵਾਅਦਾ ਸੀ। ਕਿਉਂਕਿ ਇਹ ਸੱਚਮੁੱਚ ਅਜੀਬ ਪਾਣੀ ਸਨ ਜਿੱਥੇ ਪਹਿਲਾਂ ਕੋਈ ਵੀ ਮਲਾਹ ਨਹੀਂ ਸੀ ਗਿਆ, ਨੂਹ ਅਤੇ ਉਸ ਦੇ ਪਰਿਵਾਰ ਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਹੱਥਾਂ ਵਿੱਚ ਦੇਣ ਦੇ ਲਈ ਵੱਡੀ ਨਿਹਚਾ ਦੀ ਲੋੜ ਸੀ ਜਦੋਂ ਉਹ ਕਿਸ਼ਤੀ ਵਿੱਚ ਵੜੇ ਅਤੇ ਆਪਣੇ ਪਿੱਛੇ ਕਿਸ਼ਤੀ ਦਾ ਬੂਹਾ ਬੰਦ ਹੋਣ ਦੀ ਅਵਾਜ਼ ਨੂੰ ਸੁਣਿਆ (ਇਬਰਾਨੀਆਂ 11:7)।

## ਪਾਣੀ ਦਾ ਉੱਚਾ ਉੱਠਣਾ ਅਤੇ ਪਹਾੜਾਂ ਦੀਆਂ ਟੀਸੀਆਂ ਦਾ ਵੀ ਡੁੱਬ ਜਾਣਾ (7:17-24)

**17ਤਾਂ ਪਰਲੋ ਚਾਲੀ ਦਿਨ ਧਰਤੀ ਉੱਤੇ ਰਹੀ ਅਤੇ ਪਾਣੀ ਵਧ ਗਿਆ ਅਰ ਕਿਸ਼ਤੀ ਨੂੰ ਚੁੱਕ
ਲਿਆ ਸੋ ਉਹ ਧਰਤੀ ਉੱਤੋਂ ਉਤਾਂਹਾਂ ਹੋ ਗਈ। 18ਫੇਰ ਪਾਣੀ ਹੀ ਪਾਣੀ ਹੋ ਗਿਆ ਅਤੇ ਉਹ
ਧਰਤੀ ਉੱਤੇ ਬਹੁਤ ਹੀ ਵਧ ਗਿਆ ਪਰ ਕਿਸ਼ਤੀ ਪਾਣੀ ਦੇ ਉੱਤੇ ਤਰਦੀ। 19ਅਤੇ ਧਰਤੀ ਦੇ ਉੱਤੇ
ਪਾਣੀ ਹੀ ਪਾਣੀ, ਪਾਣੀ ਹੀ ਪਾਣੀ ਹੋ ਗਿਆ ਅਤੇ ਸਾਰੇ ਉੱਚੇ ਉੱਚੇ ਪਹਾੜ ਜੋ ਸਾਰੇ ਅਕਾਸ਼ ਦੇ
ਹੇਠ ਸਨ ਢਕੇ ਗਏ। 20ਉਨ੍ਹਾਂ ਤੋਂ ਪੰਦਰਾਂ ਹੱਥ ਉੱਚਾ ਪਾਣੀ ਹੀ ਪਾਣੀ ਹੋ ਗਿਆ ਅਤੇ ਅਤੇ ਪਹਾੜ
ਢੱਕੇ ਗਏ। 21ਸੋ ਸਰਬੱਤ ਸਰੀਰ ਜਿਹੜੇ ਧਰਤੀ ਉੱਤੇ ਚਲਦੇ ਸਨ ਮਰ ਗਏ ਕੀ ਪੰਛੀ ਕੀ
ਡੰਗਰ ਨਾਲੇ ਜੰਗਲੀ ਜਾਨਵਰ ਅਤੇ ਸਾਰੇ ਜੀ ਜੰਤੂ ਜਿਨ੍ਹਾਂ ਨਾਲ ਧਰਤੀ ਭਰੀ ਹੋਈ ਸੀ ਅਤੇ
ਸਾਰੇ ਆਦਮੀ ਵੀ। 22ਜਿਨ੍ਹਾਂ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਸੀ ਜਿਹੜੇ ਖੁਸ਼ਕੀ ਉੱਤੇ ਸਨ
ਓਹ ਸਾਰੇ ਮਰ ਗਏ। 23ਹਰ ਪ੍ਰਾਣੀ ਜਿਹੜਾ ਜ਼ਮੀਨ ਦੇ ਉੱਤੇ ਸੀ ਕੀ ਆਦਮੀ ਕੀ ਡੰਗਰ ਕੀ
ਘਿੱਸਰਨ ਵਾਲਾ ਤੇ ਕੀ ਅਕਾਸ਼ ਦਾ ਪੰਛੀ ਮਿਟ ਗਿਆ। ਓਹ ਧਰਤੀ ਤੋਂ ਮਿਟ ਹੀ ਗਏ ਪਰ ਨੂਹ
ਅਰ ਓਹ ਜੋ ਉਸ ਦੇ ਨਾਲ ਕਿਸ਼ਤੀ ਵਿੱਚ ਸਨ ਬਚ ਰਹੇ। 24ਡੇਢ ਸੌ ਦਿਨਾਂ ਤੀਕਰ ਧਰਤੀ ਉੱਤੇ
ਪਾਣੀ ਹੀ ਪਾਣੀ ਰਿਹਾ।**

**ਆਇਤ 17.** ਇਹ ਕਥਨ ਕਿ **ਪਰਲੋ ਚਾਲੀ ਦਿਨ ਧਰਤੀ ਉੱਤੇ ਰਹੀ** 7:12 ਦੇ ਸਮਾਨਾਂਤਰ ਹੈ, ਜੋ ਕਹਿੰਦਾ ਹੈ ਕਿ ਚਾਲੀ ਦਿਨ ਅਰ ਚਾਲੀ ਰਾਤ ਵਰਖਾ ਹੁੰਦੀ ਰਹੀ। ਬਹੁਤ ਵਰਖਾ ਹੋਣ ਦੇ

ਕਾਰਣ ਪਾਣੀ ਵਧ ਗਿਆ ਅਤੇ ਇਸ ਨੇ ਕਿਸ਼ਤੀ ਨੂੰ **ਚੁੱਕ ਲਿਆ ਸੋ ਉਹ ਧਰਤੀ ਉੱਤੋਂ ਉਤਾਹਾਂ ਹੋ ਗਈ**। ਵਰਖਾ ਰੁਕਣ ਤੋਂ ਬਾਅਦ, ਪਾਣੀ ਵਧਦੇ ਗਏ, ਸੰਭਵ ਤੌਰ ਤੇ ਭੂਮੀਗਤ ਸ੍ਰੋਤ ਅਤੇ ਹਿਮ ਨਦੀਆਂ ਪਿੱਘਲ ਗਈਆਂ।

**ਆਇਤਾਂ 18-20.** ਇਸ ਤੋਂ ਇਲਾਵਾ, ਮੂਲ ਲਿਖਤ ਕਹਿੰਦੀ ਹੈ ਕਿ ਤਿੰਨ ਵੱਖ-ਵੱਖ ਤਰੀਕਿਆਂ ਨਾਲ **ਪਾਣੀ ਹੀ ਪਾਣੀ ਹੋ ਗਿਆ**। (1) ਇਹ **ਬਹੁਤ ਹੀ ਵਧ ਗਿਆ ਪਰ ਕਿਸ਼ਤੀ ਪਾਣੀ ਦੇ ਉੱਤੇ ਤਰਦੀ ਰਹੀ** (7:18)। (2) ਧਰਤੀ ਦੇ ਉੱਤੇ **ਪਾਣੀ ਹੀ ਪਾਣੀ ਹੋ ਗਿਆ** ਅਤੇ ਇਸ ਦੇ ਨਤੀਜੇ ਵਜੋਂ **ਸਾਰੇ ਉੱਚੇ ਪਹਾੜ ਜੋ ਸਾਰੇ ਅਕਾਸ਼ ਦੇ ਹੇਠ ਸਨ ਢੱਕੇ ਗਏ** (7:19)। (3) ਉਨ੍ਹਾਂ ਤੋਂ **ਪੰਦਰਾਂ ਹੱਥ ਉੱਚਾ** ਪਾਣੀ ਹੀ ਪਾਣੀ ਹੋ ਗਿਆ ਅਤੇ ਪਹਾੜ ਢੱਕੇ ਗਏ (7:20)।

7:18-20 ਵਿੱਚ ਅਨੁਵਾਦ ਕੀਤਾ ਗਿਆ ਸ਼ਬਦ "ਪਾਣੀ ਹੀ ਪਾਣੀ ਹੋ ਗਿਆ" גָּבַר (*ਗਾਬਰ*) ਹੈ, ਜਿਸ ਦਾ ਅਰਥ ਹੈ "ਮਜ਼ਬੂਤ ਹੋਣਾ।"[8] ਇਹ ਸ਼ਬਦ ਅਕਸਰ ਉਨ੍ਹਾਂ ਤਾਕਤਵਰ ਸੂਰਮਿਆਂ ਦੇ ਲਈ ਵਰਤਿਆ ਜਾਂਦਾ ਸੀ ਜਿਹੜੇ ਆਪਣੇ ਦੁਸ਼ਮਣਾਂ ਨਾਲ ਜੀਵਨ ਅਤੇ ਮੌਤ ਦੀ ਲੜਾਈ ਲੜਦੇ ਹਨ, ਜਿਵੇਂ ਕਿ ਦਾਊਦ ਦੇ "ਤਾਕਤਵਰ ਸੂਰਮੇ" ਸਨ ਜਿਨ੍ਹਾਂ ਨੇ ਬਹਾਦਰੀ ਦੇ ਕਾਰਨਾਮੇ ਕੀਤੇ (2 ਸਮੂਏਲ 23:8-39; 1 ਇਤਹਾਸ 11:26-47)। ਇਬਰਾਨੀ ਵਿਚਾਰ ਵਿੱਚ, ਯਾਹਵੇਹ ਸੱਚਮੁੱਚ "ਰਾਜਿਆਂ ਦਾ ਪ੍ਰਭੂ" ਸੀ (ਦਾਨੀਏਲ 2:47), ਜਿਸ ਨੂੰ ਮਹਾਨ ਸੂਰਮਿਆਂ ਦਾ ਪਾਤਸ਼ਾਹ ਕਿਹਾ ਗਿਆ ਸੀ ਜਦੋਂ ਉਸ ਨੇ ਫ਼ਿਰਊਨ ਦੀ ਸੈਨਾ ਨੂੰ ਲਾਲ ਸਮੁੰਦਰ ਵਿੱਚ ਪਲਟਾ ਦਿੱਤਾ (ਕੂਚ 15:1-18)। ਇਸ ਤਰੀਕੇ ਨਾਲ, ਯਹੋਵਾਹ ਨੇ ਆਪਣੇ ਲੋਕਾਂ ਅਰਥਾਤ ਇਸਰਾਏਲ ਨੂੰ ਬਚਾ ਕੇ ਆਪਣੀ "ਸ਼ਕਤੀ" ਵਿਖਾਈ (ਜ਼ਬੂਰ 106:8; 145:4, 11, 12)। ਉਸ ਦੀ ਸ਼ਕਤੀ (*ਗਾਬਰ*) ਦੇ ਸਭ ਤੋਂ ਵੱਡੇ ਕੰਮ ਉਸ ਦੀ ਸ਼ਾਨਦਾਰ ਰਚਨਾ ਅਤੇ ਸਾਰੀ ਕਾਇਨਾਤ, ਸੰਸਾਰ ਅਤੇ ਹਰ ਤਰ੍ਹਾਂ ਦੇ ਜੀਵਨ ਜੋ ਇਸ ਦੇ ਵਿੱਚ ਰਹਿੰਦੇ ਹਨ ਤੇ ਉਸ ਦੇ ਨਿਯੰਤਰਣ ਵਿੱਚ ਵਿਖਾਏ ਗਏ ਸਨ (ਜ਼ਬੂਰ 65:5-13; 89:9-13)।

ਉਤਪਤ ਦੀ ਪੁਸਤਕ ਇਹ ਦੱਸਦੀ ਹੈ ਕਿ ਪਰਮੇਸ਼ੁਰ ਨੇ ਅਸਲੀ ਰਚਨਾ ਵਿੱਚ "ਅੰਬਰ" ਜਾਂ ਅਕਾਸ਼ ਵਿੱਚ ਕੁਝ ਪਾਣੀਆਂ ਨੂੰ ਰੱਖ ਕੇ ਉਨ੍ਹਾਂ ਪਾਣੀਆਂ ਨੂੰ ਵੱਖਰਾ ਕੀਤਾ ਜਿਨ੍ਹਾਂ ਨੇ "ਡੂੰਘਿਆਈ" ਨੂੰ ਢੱਕਿਆ ਸੀ ਤਾਂ ਕਿ ਖੁਸ਼ਕ ਧਰਤੀ ਪਰਗਟ ਹੋ ਸਕੇ ਅਤੇ ਧਰਤੀ ਉੱਤੇ ਜੀਵਨ ਦੀ ਸ਼ੁਰੂਆਤ ਹੋ ਸਕੇ (1:2-9)। ਜਲ ਪਰਲੋ ਦੌਰਾਨ, ਉੱਪਰਲੇ ਪਾਣੀ ਫੇਰ ਹੇਠਲੇ ਪਾਣੀਆਂ ਨਾਲ ਜੁੜ ਗਏ, ਸ਼ਕਤੀਸ਼ਾਲੀ, ਪ੍ਰਤੀਕਾਤਮਕ ਸੂਰਮਿਆਂ ਦੇ ਵਾਂਗ ਜਿਹੜੇ ਧਰਤੀ ਉੱਤੇ ਹਰ ਜੀਉਂਦੇ ਪ੍ਰਾਣੀ ਦੇ ਵਿਰੁੱਧ ਯੁੱਧ ਲੜਨ ਦੇ ਲਈ ਆਪਣੀਆਂ ਜੇਲਾਂ ਨੂੰ ਤੋੜ ਕੇ ਬਾਹਰ ਨਿੱਕਲ ਆਏ ਸਨ। ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮ ਨੇ ਰਚਨਾ ਨੂੰ ਉਲਟਾ ਦਿੱਤਾ, ਜੋ ਉਨ੍ਹਾਂ ਲੋਕਾਂ ਨੂੰ ਛੱਡ ਕੇ ਜਿਨ੍ਹਾਂ ਨੇ ਕਿਸ਼ਤੀ ਦੇ ਅੰਦਰ ਰੱਬੀ ਪਨਾਹ ਲਈ ਸੀ ਸਾਰੀ ਮਨੁੱਖਜਾਤੀ, ਜਾਨਵਰਾਂ, ਪੰਛੀਆਂ ਅਤੇ ਸਾਰੇ ਘਿੱਸਰਣ ਵਾਲਿਆਂ ਤੇ ਮੌਤ ਲੈ ਕੇ ਆਈ।

**ਆਇਤਾਂ 21-24.** ਜਲ ਪਰਲੋ ਦੀ ਸ਼ਬਦਾਵਲੀ ਸਪੱਸ਼ਟ ਤੌਰ ਤੇ ਇਸ ਬਿਰਤਾਂਤ ਵਿੱਚ ਵਿਸ਼ਵਵਿਆਪੀ ਹੈ: "ਸਾਰੇ ਉੱਚੇ ਉੱਚੇ ਪਹਾੜ ਜੋ ਸਾਰੇ ਅਕਾਸ਼ ਦੇ ਹੇਠ ਸਨ ਢੱਕੇ ਗਏ" (7:19) ਅਤੇ **ਸਰਬੱਤ ਸਰੀਰ ਜਿਹੜੇ ਧਰਤੀ ਉੱਤੇ ਚੱਲਦੇ ਸਨ**, **ਸਾਰੇ ਆਦਮੀ ਵੀ** (7:21)। ਇਨ੍ਹਾਂ ਵਿੱਚ ਉਹ ਸਭ ਸ਼ਾਮਲ ਸਨ **ਜਿਨ੍ਹਾਂ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਸੀ** (7:22)। ਜਲ ਪਰਲੋ ਦੇ ਕਾਰਣ **ਹਰ ਪ੍ਰਾਣੀ ਜਿਹੜਾ ਜ਼ਮੀਨ ਦੇ ਉੱਤੇ ਸੀ . . . ਮਿਟ ਗਿਆ**। ਮੂਲ ਲਿਖਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ **ਨੂਹ ਅਰ ਓਹ ਜੋ ਉਸ ਦੇ ਨਾਲ ਕਿਸ਼ਤੀ ਵਿੱਚ ਬਚ ਰਹੇ** (7:23)। ਅਧਿਆਇ ਇਸ ਗੱਲ ਨਾਲ ਖਤਮ ਹੁੰਦਾ ਹੈ, **ਡੇਢ ਸੌ ਦਿਨਾਂ ਤੀਕਰ ਧਰਤੀ ਉੱਤੇ ਪਾਣੀ ਹੀ ਪਾਣੀ ਰਿਹਾ** (7:24)।

ਇਨ੍ਹਾਂ ਆਇਤਾਂ ਨੂੰ ਸਰਲ ਢੰਗ ਨਾਲ ਪੜ੍ਹਨ ਤੇ ਇਹ ਪਤਾ ਲੱਗਦਾ ਹੈ ਕਿ ਉਹ ਜਲ ਪਰਲੋ ਜੋ ਪੂਰੇ ਸੰਸਾਰ ਵਿੱਚ ਆਈ ਸੀ ਉਸ ਨੇ ਸਾਰੇ ਪਹਾੜਾਂ ਨੂੰ ਢੱਕ ਦਿੱਤਾ ਅਤੇ ਉਨ੍ਹਾਂ ਲੋਕਾਂ ਤੋਂ ਇਲਾਵਾ ਜਿਹੜੇ ਕਿਸ਼ਤੀ ਦੇ ਅੰਦਰ ਸਨ ਸਾਰੇ ਜੀਉਂਦੇ ਪ੍ਰਾਣੀਆਂ ਨੂੰ ਨਾਸ ਕਰ ਦਿੱਤਾ। ਫਿਰ ਵੀ, ਬਹੁਤ ਸਾਰੇ ਲੋਕ ਇਹ ਦਲੀਲ ਦਿੰਦੇ ਹਨ ਕਿ ਇਹ ਇੱਕ ਖੇਤਰੀ ਹੜ੍ਹ ਜਾਂ ਪਰਲੋ ਸੀ ਜੋ ਪ੍ਰਾਚੀਨ ਮਸੋਪੋਤਾਮਿਯਾ ਦੇ ਇਲਾਕੇ ਤੱਕ ਹੀ ਸੀਮਤ ਸੀ। ਉਹ ਦਾਅਵਾ ਕਰਦੇ ਹਨ ਕਿ ਭੂਗੋਲਿਕ ਅਤੇ ਪੁਰਾਤੱਤਵ ਸਬੂਤ ਇਹੋ ਜਿਹੀ ਵਿਸ਼ਵਵਿਆਪੀ ਵਿਨਾਸ਼ਕਾਰੀ ਘਟਨਾ ਦਾ ਸਮਰਥਨ ਨਹੀਂ ਕਰਦਾ। ਸੰਸਾਰ, ਜਾਨਵਰਾਂ ਅਤੇ ਖੁੱਦ ਮਨੁੱਖ ਦੀ ਰਚਨਾ ਦਾ ਖੰਡਣ ਕਰਨ ਦੇ ਲਈ ਵਿਗਿਆਨਕ ਸਮਾਜ ਵਿੱਚ ਵੀ ਇਹੋ ਜਿਹੀਆਂ ਦਲੀਲਾਂ ਦਿੱਤੀਆਂ ਜਾ ਚੁੱਕੀਆਂ ਹਨ। ਜਲ ਪਰਲੋ ਦੇ ਸੰਬੰਧ ਵਿੱਚ ਜੋ ਵਿਗਿਆਨਕ ਤੌਰ ਤੇ ਸਾਬਤ ਕੀਤਾ ਜਾ ਸਕਦਾ ਜਾਂ ਨਹੀਂ ਕੀਤਾ ਜਾ ਸਕਦਾ ਉਸ ਤੇ ਵਿਚਾਰ ਕਰਨਾ ਇਸ ਕਮੈਂਟਰੀ ਦੇ ਖੇਤਰ ਵਿਸ਼ੇ ਤੋਂ ਪਰੇ ਹੈ, ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਵਿਗਿਆਨ ਪ੍ਰਾਚੀਨ ਭੂਤਕਾਲ ਦੀਆਂ ਘਟਨਾਵਾਂ ਨੂੰ ਜਾਂ ਤਾਂ ਸਾਬਤ ਕਰਨ ਜਾਂ ਝੂਠਾ ਸਾਬਤ ਕਰਨ ਦੀ ਆਪਣੀ ਯੋਗਤਾ ਵਿੱਚ ਸੀਮਤ ਹੈ।[9]

ਮੂਲ ਲਿਖਤ ਨੂੰ ਆਪਣੇ ਆਪ ਬੋਲਣ ਦੇਣਾ ਚਾਹੀਦਾ ਹੈ। ਸ਼ਾਇਦ ਬਾਈਬਲ ਦੀਆਂ ਮੁੱਖ ਦਲੀਲਾਂ ਨੂੰ ਪੇਸ਼ ਕਰਨਾ ਮਦਦਗਾਰ ਹੋਵੇਗਾ ਜੋ ਦੱਸੀਆਂ ਜਾ ਚੁੱਕੀਆਂ ਹਨ, ਜਿਹੜੀਆਂ ਵਿਸ਼ਵਵਿਆਪੀ ਹੜ੍ਹ ਜਾਂ ਜਲ ਪਰਲੋ ਦਾ ਪੱਖ ਲੈਂਦੀਆਂ ਹਨ ਅਤੇ ਜਿਨ੍ਹਾਂ ਨੂੰ ਇਸ ਦੇ ਵਿਰੁੱਧ ਦਲੀਲ ਦੇਣ ਦੇ ਲਈ ਵਰਤਿਆ ਗਿਆ ਹੈ ਹੋਵੇ।[10] ਦੂਜੇ ਵਿਚਾਰ ਸੰਬੰਧੀ ਇਹ ਦੱਸਿਆ ਗਿਆ ਹੈ ਕਿ ਇਬਰਾਨੀ ਸ਼ਬਦ ਜਿਹੜਾ ਕਿ ਸਮੁੱਚੇ ਸੰਸਾਰ (תֵּבֵל, *ਥੇਬੇਲ*; ਵੇਖੋ ਅੱਯੂਬ 34:13) ਦਾ ਹਵਾਲਾ ਦਿੰਦਾ ਹੈ, ਇਸ ਬਿਰਤਾਂਤ ਵਿੱਚ ਨਹੀਂ ਆਉਂਦਾ। ਹਵਾਲੇ ਵਿੱਚ אֶרֶץ (*ਈਰੇਟਸ*) ਸ਼ਬਦ ਹੈ, ਜਿਸ ਦਾ ਅਨੁਵਾਦ "ਧਰਤ" ਕੀਤਾ ਗਿਆ ਹੈ। ਜਦ ਕਿ ਇਹ ਸੱਚ ਹੈ ਕਿ *ਈਰੇਟਸ* ਇੱਕ ਬਹੁਤ ਛੋਟੇ ਜਿਹੇ ਇਲਾਕੇ ਦਾ ਹਵਾਲਾ ਹੋ ਸਕਦਾ ਹੈ ਜਿਵੇਂ ਕਿ ਕਨਾਨ ਦੀ "ਧਰਤੀ" (12:1-10 ਵਿੱਚ ਅੱਠ ਵਾਰ) ਜਾਂ ਹੋਰ ਕੋਈ ਸਥਾਨਕ ਇਲਾਕੇ (2:11-13; 4:16; 10:10; 11:2), ਇਸ ਨੂੰ 1:1, 2 ਅਤੇ 2:4 ਵਿੱਚ ਸਮੁੱਚੇ ਸੰਸਾਰ ਦੇ ਲਈ ਵੀ ਵਰਤਿਆ ਗਿਆ ਹੈ। ਕਿਉਂਕਿ ਇਹ ਸ਼ਬਦ ਸਿਰਫ ਰਚਨਾ ਦੇ ਬਿਰਤਾਂਤ ਵਿੱਚ ਮਿਲਦਾ ਹੈ, ਇਸ ਦੀ ਤਰਕਪੂਰਣ ਢੰਗ ਨਾਲ ਜਲ ਪਰਲੋ ਦੁਆਰਾ ਪਰਮੇਸ਼ੁਰ ਦੇ ਰਚਨਾ ਵਿੱਚ ਮੁੜ ਤੋਂ ਤਬਦੀਲੀ ਕਰਨ ਬਾਰੇ ਬਿਰਤਾਂਤ ਵਿੱਚ ਉਸੇ ਤਰੀਕੇ ਨਾਲ ਵਿਆਖਿਆ ਕੀਤੀ ਗਈ ਹੈ।

ਮੂਲ ਲਿਖਤ ਵਿੱਚੋਂ ਇੱਕ ਹੋਰ ਦਲੀਲ ਇਬਰਾਨੀ ਸ਼ਬਦ כֹּל (*ਕੋਲ*) ਦੀ ਵਰਤੋਂ ਸੰਬੰਧੀ ਦਿੱਤੀ ਜਾਂਦੀ ਹੈ ਜਿਸ ਦਾ ਅਨੁਵਾਦ ਜਲ ਪਰਲੋ ਦੇ ਬਿਰਤਾਂਤ ਦੇ ਇਸ ਭਾਗ ਵਿੱਚ ਅੱਠ ਵਾਰ "ਸਾਰੇ," "ਹਰੇਕ," ਜਾਂ "ਹਰ ਥਾਂ" ਕੀਤਾ ਗਿਆ ਹੈ (7:19-23)। ਕਈ ਵਾਰ ਇਸ ਦਾ ਇੱਕ ਵਿਸ਼ਵਵਿਆਪੀ ਸੰਦਰਭ ਨਹੀਂ ਹੁੰਦਾ, ਇਹ ਇੱਕ ਲੇਖਕ ਦੁਆਰਾ ਸਥਾਨਕ ਦ੍ਰਿਸ਼ਟੀਕੋਣ ਤੋਂ ਵਰਤਿਆ ਜਾਂਦਾ ਹੈ (41:57; ਬਿਵਸਥਾ ਸਾਰ 2:25)। ਨਵਾਂ ਨੇਮ ਇਸੇ ਤਰੀਕੇ ਨਾਲ ਯੂਨਾਨੀ ਸ਼ਬਦ πᾶς (*ਪਸ,* "ਹਰੇਕ" ਜਾਂ "ਸਾਰੀ") ਵਰਤਦਾ ਹੈ (ਰਸੂਲਾਂ ਦੇ ਕਰਤੱਬ 2:5; ਕੁਲੁੱਸੀਆਂ 1:23)। ਫਿਰ ਵੀ, ਇਸ ਕਿਸਮ ਦਾ ਤਰਕ ਨਾ ਮੰਨਣਯੋਗ ਹੈ। 1:21, 26 ਦੀ ਰਚਨਾ ਦੀ ਕਹਾਣੀ ਵਿੱਚ *ਕੋਲ* ਦੇ ਵਿਸ਼ਵਵਿਆਪੀ ਸੰਦਰਭ ਦੀ ਮੰਗ ਕੀਤੀ ਗਈ ਹੈ ਅਤੇ ਇਸ ਦਾ ਰਚਨਾ ਦੇ ਨਾਸ ਦੇ ਬਿਰਤਾਂਤ ਵਿੱਚ ਵੀ ਉਹੀ ਅਰਥ ਪ੍ਰਤੀਤ ਹੁੰਦਾ ਹੈ (7:19-23)। ਬਾਈਬਲ ਦੀ ਮੂਲ ਲਿਖਤ ਦੇ ਦ੍ਰਿਸ਼ਟੀਕੋਣ ਤੋਂ, ਵਿਸ਼ਵਵਿਆਪੀ ਹੜ੍ਹ ਜਾਂ ਜਲ ਪਰਲੋ ਦਾ ਵਿਚਾਰ ਸੰਭਵ ਤੌਰ ਤੇ ਜ਼ਿਆਦਾ ਸਹੀ ਪ੍ਰਤੀਤ ਹੁੰਦਾ ਹੈ।

# ਪ੍ਰਾਸੰਗਿਕਤਾ

## ਤੋਬਾ ਕਰਵਾਉਣ ਦੇ ਲਈ ਪਰਮੇਸ਼ੁਰ ਦਾ ਦੇਰੀ ਕਰਨਾ (ਅਧਿਆਇ 7)

ਅਸੀਂ ਨਹੀਂ ਜਾਣਦੇ ਕਿ ਉਸ ਸਮੇਂ ਤੋਂ ਲੈ ਕੇ ਜਦੋਂ ਪਰਮੇਸ਼ੁਰ ਨੇ ਨੂਹ ਨੂੰ ਆਉਣ ਵਾਲੀ ਜਲ ਪਰਲੋ ਦੇ ਬਾਰੇ ਪਹਿਲਾਂ ਤੋਂ ਹੀ ਚਿਤਾਵਨੀ ਦੇ ਦਿੱਤੀ ਸੀ ਉਸ ਪਲ ਤੱਕ ਕਿੰਨੀ ਦੇਰ ਦਾ ਸਮਾਂ ਸੀ ਜਦੋਂ ਪਰਮੇਸ਼ੁਰ ਨੇ ਉਸ ਦੇ ਪਰਿਵਾਰ ਨੂੰ ਕਿਸ਼ਤੀ ਵਿੱਚ ਬੰਦ ਕੀਤਾ ਅਤੇ ਵਰਖਾ ਹੋਣੀ ਸ਼ੁਰੂ ਹੋ ਗਈ। ਸੰਭਵ ਤੌਰ ਤੇ, ਇਨ੍ਹਾਂ ਦੋਵਾਂ ਘਟਨਾਵਾਂ ਵਿਚਕਾਰ ਕਈ ਦਹਾਕੇ ਬੀਤ ਗਏ ਹੋਣਗੇ। ਇਹ ਇਸ ਵਿਸ਼ਵਾਸੀ ਬਕੀਏ ਦੇ ਲਈ ਕਾਫੀ ਲੰਬਾ ਅਤੇ ਥਕਾਉਣ ਵਾਲਾ ਸਮਾਂ ਪ੍ਰਤੀਤ ਹੋਇਆ ਹੋਵੇਗਾ ਜਦੋਂ ਉਨ੍ਹਾਂ ਆਉਣ ਵਾਲੇ ਨਿਆਂ ਦੇ ਬਾਰੇ ਦੂਜਿਆਂ ਨੂੰ ਚਿਤਾਵਨੀ ਦੇਣੀ ਚਾਹੀ, ਕਿਸ਼ਤੀ ਨੂੰ ਬਣਾਇਆ ਅਤੇ ਉਸ ਇੱਕ ਸਾਲ ਦੇ ਲਈ ਆਪਣੇ ਆਪ ਦੇ ਲਈ ਰਸਦ ਇਕੱਠੀ ਕੀਤੀ ਜੋ ਉਨ੍ਹਾਂ ਨੇ ਜਲ ਪਰਲੋ ਦੇ ਪਾਣੀਆਂ ਉੱਤੇ ਕਿਸ਼ਤੀ ਵਿੱਚ ਤੈਰਦੇ ਹੋਏ ਬਿਤਾਉਣਾ ਸੀ।

ਰੱਬੀ ਨਿਆਂ ਵਿੱਚ ਦੇਰੀ ਨੇ ਪਰਮੇਸ਼ੁਰ ਦੇ ਦਾਸਾਂ ਦੇ ਲਈ ਹਮੇਸ਼ਾ ਕਈ ਦਿੱਕਤਾਂ ਖੜ੍ਹੀਆਂ ਕੀਤੀਆਂ ਹਨ। ਯਿਰਮਿਯਾਹ ਨੇ ਇਹ ਕਹਿੰਦੇ ਹੋਏ ਚਾਲ੍ਹੀ ਸਾਲ ਤੱਕ ਯਹੂਦਾਹ ਦੇ ਲੋਕਾਂ ਨੂੰ ਪਰਚਾਰ ਕੀਤਾ, ਉਨ੍ਹਾਂ ਦੇ ਤਰਲੇ ਕੱਢੇ ਅਤੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਪਰਮੇਸ਼ੁਰ ਦਾ ਨਿਆਂ "ਉੱਤਰ ਦੇ ਪਾਸੇ ਤੋਂ" (ਬਾਬੁਲ ਤੋਂ; ਯਿਰਮਿਯਾਹ 1:13; 4:6; 6:22; 10:22; 13:20; 25:9) ਆ ਰਿਹਾ ਹੈ। ਪਾਪ ਦੇ ਲਈ ਪਰਮੇਸ਼ੁਰ ਦੀ ਸਜ਼ਾ ਦਾਊਦ ਦੇ ਵੰਸ਼ ਦੇ ਵਿਰੁੱਧ ਉਨ੍ਹਾਂ ਦੇ ਰਾਜ ਦੀ ਤਬਾਹੀ ਦੇ ਅਤੇ ਲੋਕਾਂ ਦੀ ਗੁਲਾਮੀ ਦੇ ਰੂਪ ਵਿੱਚ ਆ ਰਹੀ ਸੀ। ਨਬੀ ਨੇ ਬਾਰ-ਬਾਰ ਇਹ ਐਲਾਨ ਕੀਤਾ ਸੀ ਕਿ ". . . ਹਰ ਪਾਸਿਓਂ ਭੈ" ਹੋਵੇਗਾ (ਯਿਰਮਿਯਾਹ 6:25; 46:5), ਜਦੋਂ ਤੱਕ ਲੋਕਾਂ ਨੇ ਉਸ ਦਾ ਇਹ ਕਹਿ ਕੇ ਮਜ਼ਾਕ ਉਡਾਉਣਾ ਸ਼ੁਰੂ ਨਹੀਂ ਕੀਤਾ ਕਿ "ਚੌਹੀਂ ਪਾਸੀ ਭੈ ਹੈ!" (ਵੇਖੋ ਯਿਰਮਿਯਾਹ 20:10)।

ਨਿਆਂ ਵਿੱਚ ਦੇਰੀ ਅਕਸਰ ਨਿਆਂ ਨੂੰ ਨਕਾਰਨਾ ਹੁੰਦਾ ਹੈ; ਲੋਕਾਂ ਦੀ ਪ੍ਰਵਿਰਤੀ ਇਹ ਹੁੰਦੀ ਹੈ ਕਿ ਉਹ ਸਿਰਫ ਉਸੇ ਤੇ ਵਿਸ਼ਵਾਸ ਕਰਦੇ ਹਨ ਜੋ ਉਹ ਵੇਖਦੇ ਹਨ। ਨਵਾਂ ਨੇਮ ਸਿੱਖਿਆ ਦਿੰਦਾ ਹੈ ਕਿ ਜਿਵੇਂ ਨੂਹ ਦੇ ਦਿਨਾਂ ਵਿੱਚ ਸੀ, ਉਸੇ ਤਰ੍ਹਾਂ ਮਸੀਹ ਦੀ ਦੂਜੀ ਆਮਦ ਦੇ ਸਮੇਂ ਹੋਵੇਗਾ (ਮੱਤੀ 24:37-39)। ਠੱਠਾ ਕਰਨ ਵਾਲੇ ਕਹਿਣਗੇ, "ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ?" ਉਹ ਸਮੇਂ ਦੇ ਅੰਤ ਵਿੱਚ ਆਉਣ ਵਾਲੇ ਨਿਆਂ ਦਾ ਮਜ਼ਾਕ ਉਡਾਉਣਗੇ ਕਿਉਂਕਿ ਕਾਫੀ ਲੰਮੇ ਸਮੇਂ ਤੋਂ ਸੰਸਾਰ ਇਸਥਿਰ ਹੈ (2 ਪਤਰਸ 3:3, 4)। ਪਤਰਸ ਨੇ ਜ਼ੋਰ ਦਿੱਤਾ ਕਿ ਅਜਿਹੇ ਠੱਠਾ ਕਰਨ ਵਾਲੇ ਨੂਹ ਦੇ ਸਮੇਂ ਵਿੱਚ ਆਈ ਜਲ ਪਰਲੋ ਬਾਰੇ ਭੁੱਲ ਜਾਂਦੇ ਹਨ (2 ਪਤਰਸ 3:5-7)। ਇਸ ਤੋਂ ਇਲਾਵਾ, ਉਸ ਨੇ ਜ਼ੋਰ ਦਿੱਤਾ ਕਿ ਆਉਣ ਵਾਲਾ ਨਿਆਂ ਧੀਮਾ ਜਾਪਦਾ ਹੈ, ਇਹ ਸਿਰਫ ਪਰਮੇਸ਼ੁਰ ਦੇ ਧੀਰਜ ਦੇ ਕਾਰਣ ਹੈ: ਕਿਉਂ ਜੋ ਉਹ "ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। ਜਲ ਪਰਲੋ ਤੋਂ ਪਹਿਲਾਂ ਵੀ ਪਰਤੱਖ ਰੂਪ ਵਿੱਚ ਇਹੋ ਜਿਹੀ ਹਾਲਤ ਸੀ, ਕਿਉਂਕਿ ਪਰਮੇਸ਼ੁਰ "ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿੱਚ ਥੋੜੇ ਅਰਥਾਤ ਅੱਠ ਜਣੇ ਪਾਣੀ ਤੋਂ ਬਚ ਗਏ" (1 ਪਤਰਸ 3:20)। ਜਦੋਂ ਪਰਮੇਸ਼ੁਰ ਨੇ ਕਿਰਪਾ ਨਾਲ ਆਪਣੇ ਨਿਆਂ ਵਿੱਚ ਦੇਰ ਕੀਤੀ, ਸੰਸਾਰ ਦੀ ਜ਼ਿਆਦਾਤਰ ਅਬਾਦੀ ਆਤਮਿਕ ਸੁਸਤੀ ਦੀ ਅਵਸਥਾ ਵਿੱਚ ਸੁੱਤੀ ਪਈ ਸੀ। ਕਿਉਂਕਿ ਲੋਕਾਂ ਨੇ ਨੂਹ ਦੇ ਪਰਚਾਰ ਵੱਲ ਕੰਨ ਨਹੀਂ ਲਾਇਆ (2 ਪਤਰਸ 2:5), ਉਹ ਘਾਤਕ ਜਲ ਪਰਲੋ ਵਿੱਚ ਨਾਸ ਹੋ ਗਏ ਜੋ ਸਾਰੀ ਧਰਤੀ ਨੂੰ ਵਹਾ ਲੈ ਗਈ।

## ਜੀਵਨ ਦੇ ਲਈ ਪਰਮੇਸ਼ੁਰ ਦਾ ਸੱਦਾ (ਅਧਿਆਇ 7)

ਪਰਮੇਸ਼ੁਰ ਨੇ ਨੂਹ ਅਤੇ ਉਸ ਦੇ ਪਰਿਵਾਰ ਨੂੰ ਕਿਸ਼ਤੀ ਵਿੱਚ ਦਾਖ਼ਲ ਹੋਣ ਦਾ ਸੱਦਾ ਦੇਣ ਦੁਆਰਾ ਮੁਕਤੀ ਦੇ ਕੰਮ ਵਿੱਚ ਪਹਿਲ ਕੀਤੀ ਤਾਂ ਕਿ ਉਹ ਜਲ ਪਰਲੋ ਤੋਂ ਬਚ ਸਕਣ (7:1, 13)। ਇਸ ਪਰਿਵਾਰ ਨੂੰ ਇੰਜੀਲ ("ਖੁਸ਼ਖ਼ਬਰੀ") ਮਿਲੀ ਕਿ ਨਾਸ ਆ ਰਿਹਾ ਹੈ ਪਰ ਪਰਮੇਸ਼ੁਰ ਉਨ੍ਹਾਂ ਦੇ ਲਈ ਛੁਟਕਾਰੇ ਦਾ ਰਾਹ ਪ੍ਰਦਾਨ ਕਰੇਗਾ। ਇਸ ਖੁਸ਼ਖ਼ਬਰੀ ਸੰਦੇਸ਼ ਦਾ ਅਰਥ ਇਹ ਸੀ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਬਕੀਏ ਨੂੰ ਉਸ ਤਬਾਹੀ ਤੋਂ ਬਚਾਉਣ ਦਾ ਵਾਅਦਾ ਕੀਤਾ ਸੀ ਜੋ ਉਹ ਸੰਸਾਰ ਦੇ ਉੱਤੇ ਭੇਜ ਰਿਹਾ ਸੀ। ਜੇਕਰ ਉੱਥੇ ਕੋਈ ਖ਼ਤਰਾ ਨਾ ਹੁੰਦਾ, ਤਾਂ ਕੋਈ ਬਚਾਅ ਜਾਂ ਮੁਕਤੀ ਵੀ ਨਹੀਂ ਸੀ ਹੋਣੀ: ਮੌਤ (ਨਿਆਂ) ਤੋਂ ਅਪ੍ਰਤੱਖ ਛੁਟਕਾਰਾ। ਹਰ ਵਿਅਕਤੀ ਕੋਲ ਇਸ ਮੁਕਤੀ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦੀ ਅਜ਼ਾਦ ਇੱਛਾ ਸੀ।

ਜੀਵਨ ਦੇ ਲਈ ਪਰਮੇਸ਼ੁਰ ਦਾ ਸੱਦਾ ਮੂਸਾ (ਬਿਵਸਥਾ ਸਾਰ 30:19, 20), ਨਬੀਆਂ (ਯਸਾਯਾਹ 52:1-12; 55:1-13; 60:1-14; ਯਿਰਮਿਯਾਹ 3:14–4:4; 6:16; 18:1-12; 31:21-34; ਅਤੇ ਹੋਰਨਾਂ) ਅਤੇ ਖ਼ਾਸ ਕਰਕੇ ਮਸੀਹ ਦੇ ਰਾਹੀਂ ਅੱਗੇ ਆਉਣ ਵਾਲੇ ਰੱਬੀ ਸੱਦਿਆਂ ਦਾ ਪੂਰਵਸੂਚਕ ਸੀ। ਯਿਸੂ ਨੇ ਲੋਕਾਂ ਨੂੰ (1) ਉਸ ਦੇ ਰਾਹੀਂ ਅਰਾਮ ਪਾਉਣ (ਮੱਤੀ 11:28-30); (2) ਪਵਿੱਤਰ ਆਤਮਾ ਦੇ ਰਾਹੀਂ ਜਿਸ ਨੂੰ ਉਹ ਬਾਅਦ ਵਿੱਚ ਭੇਜੇਗਾ "ਅੰਮ੍ਰਿਤ ਜਲ" (ਸਦੀਪਕ ਜੀਵਨ) ਪੀਣ (ਯੂਹੰਨਾ 4:10-15; 7:37-39); (3) ਜੇਕਰ ਉਹ ਉਸ ਦੇ ਲਈ ਆਪਣੇ ਦਿਲਾਂ ਦੇ ਬੂਹਿਆਂ ਨੂੰ ਖੋਲ੍ਹਣਗੇ ਉਸ ਦੇ ਨਾਲ ਸੰਗਤੀ ਕਰਨ (ਪਰਕਾਸ਼ 3:20) ਅਤੇ (4) "ਅੰਮ੍ਰਿਤ ਜਲ ਜਿਹੜਾ ਸਿੰਘਾਸਣ ਵਿੱਚੋਂ ਨਿੱਕਲਦਾ" ਪੀਣ (ਪਰਕਾਸ਼ 22:1) ਦੇ ਲਈ ਨਿਹਚਾ ਅਤੇ ਆਗਿਆਕਾਰੀ ਨਾਲ ਕੰਮ ਕਰਨ ਦੀ ਮੰਗ ਕੀਤੀ ਸੀ। "ਆਤਮਾ ਅਤੇ ਲਾੜੀ" (ਛੁਟਕਾਰਾ ਪਾਏ ਹੋਏ ਲੋਕ) ਨੂੰ ਇਸ ਸੱਦੇ ਨੂੰ ਸਵੀਕਾਰ ਕਰਨ ਦਾ ਇਸ਼ਾਰਾ ਕੀਤਾ ਜਾਵੇਗਾ (ਪਰਕਾਸ਼ ਦੀ ਪੋਥੀ 22:17)।

ਪਤਰਸ ਨੇ ਨੂਹ ਅਤੇ ਉਸ ਦੇ ਪਰਿਵਾਰ ਦੀ ਮੁਕਤੀ ਅਤੇ ਉਨ੍ਹਾਂ ਲੋਕਾਂ ਦੀ ਮੁਕਤੀ ਵਿਚਕਾਰ ਜਿਹੜੇ ਯਿਸੂ ਦੀ ਬੁਲਾਹਟ ਦਾ ਜਵਾਬ ਦਿੰਦੇ ਹਨ ਇੱਕ ਸਮਾਨਤਾ ਵੇਖੀ ਸੀ। ਜੋ ਲੋਕ ਬਚਣ ਦੀ ਇੱਛਾ ਰੱਖਦੇ ਹਨ ਉਨ੍ਹਾਂ ਨੂੰ ਉਸ ਦੇ ਜੀ ਉੱਠਣ ਵਿੱਚ ਨਿਹਚਾ ਨਾਲ ਜਵਾਬ ਦੇਣਾ ਪਵੇਗਾ ਅਤੇ ਮਸੀਹ ਵਿੱਚ ਬਪਤਿਸਮੇ ਦੇ ਲਈ ਆਪਣੇ ਆਪ ਨੂੰ ਸੌਂਪਣਾ ਪਵੇਗਾ (1 ਪਤਰਸ 3:20, 21; ਵੇਖੋ ਰੋਮੀਆਂ 6:3-5)। ਸਾਡੇ ਲਈ ਮਰ ਕੇ ਉਹ ਸਾਡੇ ਲਈ ਆਤਮਿਕ ਕਿਸ਼ਤੀ ਦੇ ਰੂਪ ਵਿੱਚ ਕੰਮ ਕਰਦਾ ਹੈ ਜੋ ਸਾਨੂੰ ਨਿਆਂ ਦੇ ਵਿੱਚੋਂ ਕੱਢ ਕੇ ਇੱਕ ਸੁਰੱਖਿਅਤ ਥਾਂ 'ਤੇ ਲੈ ਜਾਂਦੀ ਹੈ। ਬਚੇ ਹੋਏ ਲੋਕ ਨਵੀਂ ਸਰਿਸ਼ਟੀ ਦਾ ਹਿੱਸਾ ਬਣ ਜਾਂਦੇ ਹਨ (2 ਕੁਰਿੰਥੀਆਂ 5:17), ਜਿਵੇਂ ਉਹ ਅੱਠ ਜਾਨਾਂ ਨਵੀਂ ਸਰਿਸ਼ਟੀ ਦਾ ਹਿੱਸਾ ਬਣੀਆਂ ਸਨ ਜਦੋਂ ਪਰਮੇਸ਼ੁਰ ਨੇ ਜਲ ਪਰਲੋ ਦੇ ਰਾਹੀਂ ਸੰਸਾਰ ਵਿੱਚ ਸਾਰੀ ਬੁਰਾਈ ਦਾ ਸਫਾਇਆ ਕਰ ਦਿੱਤਾ ਜੋ ਇਸ ਸੰਸਾਰ ਵਿੱਚ ਫੈਲ ਚੁੱਕੀ ਸੀ।

ਕਿਸ਼ਤੀ ਵਿੱਚ ਵੜਨ ਦੇ ਹੁਕਮ ਨੂੰ ਸਵੀਕਾਰ ਕਰਨਾ ਬਹੁਤ ਹੀ ਜ਼ਿਆਦਾ ਮੁਸ਼ਕਲ ਸੀ। ਇਹ ਸਾਬਤ ਕਰਨ ਦੇ ਲਈ ਸੰਸਾਰ ਵਿੱਚ ਅਜਿਹਾ ਕੁਝ ਵੀ ਨਹੀਂ ਸੀ ਕਿ ਅਜਿਹੀ ਜਲ ਪਰਲੋ ਕਦੇ ਸੱਚਮੁੱਚ ਆ ਸਕਦੀ ਸੀ। ਜੇਕਰ ਜਲ ਪਰਲੋ ਆ ਵੀ ਜਾਂਦੀ, ਤਾਂ ਇਹ ਵਿਖਾਉਣ ਦੇ ਲਈ ਇਹੋ ਜਿਹਾ ਯਕੀਨ ਦਿਵਾਉਣ ਵਾਲਾ ਕੋਈ ਸਬੂਤ ਨਹੀਂ ਸੀ ਪੇਸ਼ ਕੀਤਾ ਜਾ ਸਕਦਾ ਕਿ ਇਹ ਸੱਚਮੁੱਚ ਧਰਤੀ ਤੇ ਸਾਰੇ ਜੀਵਨ ਨੂੰ ਤਬਾਹ ਕਰ ਦੇਵੇਗੀ। ਨੂਹ ਅਤੇ ਉਸ ਦਾ ਸਾਰਾ ਟੱਬਰ ਰਾਹ ਜਾਂਦੇ ਲੋਕਾਂ, ਮਿੱਤਰਾਂ, ਜਾਂ ਆਪਣੇ ਪਰਿਵਾਰ ਦੇ ਹੋਰਨਾਂ ਜੀਆਂ ਨੂੰ ਬਸ ਪਰਮੇਸ਼ੁਰ ਦਾ ਵਚਨ ਹੀ ਦੇ ਸਕਦੇ ਸਨ। ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰਨ ਦੇ ਲਈ ਨਿਹਚਾ ਦੀ ਲੋੜ

ਸੀ ਜੋ “ਅਣਡਿੱਠ” ਹੈ (ਇਬਰਾਨੀਆਂ 11:1, 7)। ਇਸ ਤਰ੍ਹਾਂ ਦੀ ਨਿਹਚਾ ਨਾ ਸਿਰਫ ਇਹ ਸਵੀਕਾਰ ਕਰਦੀ ਹੈ ਕਿ ਪਰਮੇਸ਼ੁਰ “ਹੈ” ਪਰ ਇਹ ਵਿਸ਼ਵਾਸ ਵੀ ਕਰਦੀ ਹੈ ਕਿ “ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ” (ਇਬਰਾਨੀਆਂ 11:6)।

ਰੱਬੀ ਹੁਕਮ ਦੀ ਪਾਲਣਾ ਕਰਨ ਵਿੱਚ ਮੁਸ਼ਕਲ ਇਹ ਸੀ ਕਿ ਇਹ ਆਪਣੇ ਪਿੱਛੇ ਇੱਕ ਅਜਿਹੇ ਸੰਸਾਰ ਨੂੰ ਛੱਡ ਰਿਹਾ ਸੀ ਜਿਹੜਾ ਆਮ ਤੌਰ ਤੇ ਚੱਲ ਰਿਹਾ ਸੀ। ਆਗਿਆਕਾਰੀ ਲੋਕਾਂ ਨੇ ਕਿਸ਼ਤੀ ਵਿੱਚ ਕੈਦ ਦਾ ਸਾਹਮਣਾ ਕੀਤਾ ਸੀ ਜੋ ਕਿ ਘਰ ਦੀ ਬਣਾਈ ਹੋਈ ਸੀ ਅਤੇ ਜਿਹੜੀ ਸ਼ਾਇਦ ਬਹੁਤ ਹੀ ਜ਼ਿਆਦਾ ਵਿਰਲੀ ਰਿਹਾਇਸ਼ ਸੀ। ਹਰ ਦੁਨਿਆਵੀ ਸੰਪਤੀ, ਜਿਵੇਂ ਕਿ ਘਰ ਅਤੇ ਜਾਇਦਾਦ, ਮਿੱਤਰਾਂ ਅਤੇ ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਪਿੱਛੇ ਛੱਡਣਾ ਪੈਣਾ ਸੀ। ਹਾਲਾਂਕਿ ਨੂਹ ਅਤੇ ਉਸ ਦੇ ਪਰਿਵਾਰ ਨੇ ਪਰਤੱਖ ਰੂਪ ਵਿੱਚ ਕੋਸ਼ਿਸ਼ ਕੀਤੀ ਸੀ, ਉਹ ਉਨ੍ਹਾਂ ਦੇ ਨਾਲ ਕਿਸ਼ਤੀ ਵਿੱਚ ਲਿਜਾਣ ਦੇ ਲਈ ਇੱਕ ਵੀ ਵਿਅਕਤੀ ਨੂੰ ਮਨਾਉਣ ਵਿੱਚ ਅਸਮਰੱਥ ਹੋਏ ਸਨ। ਇਸ ਦਾ ਅਰਥ ਇਹ ਸੀ ਕਿ ਹਰੇਕ ਚੀਜ਼ ਜੋ ਉਹ ਜਾਣਦੇ ਸਨ ਅਤੇ ਜਿਸ ਦਾ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਨੁਭਵ ਕੀਤਾ ਸੀ ਹਮੇਸ਼ਾ ਦੇ ਲਈ ਜਾਂਦੀ ਰਹੇਗੀ। ਉਨ੍ਹਾਂ ਦਾ ਭਵਿੱਖ ਕੀ ਹੋਵੇਗਾ? ਉਨ੍ਹਾਂ ਦਾ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ? ਕੀ ਉਸ ਸੰਸਾਰ ਵਿੱਚੋਂ ਜਿਸ ਤੋਂ ਉਹ ਚੰਗੀ ਤਰ੍ਹਾਂ ਵਾਕਫ਼ ਸਨ ਨਿੱਕਲ ਕੇ ਇੱਕ ਵੱਖਰੇ ਸੰਸਾਰ ਵਿੱਚ ਜਾ ਕੇ ਮੁੜ ਤੋਂ ਸ਼ੁਰੂਆਤ ਕਰਨ ਦਾ ਕੋਈ ਫ਼ਾਇਦਾ ਹੋਵੇਗਾ ਜਾਂ ਨਹੀਂ? ਇਹੋ ਜਿਹੇ ਅਤੇ ਹੋਰ ਵੀ ਬਹੁਤ ਸਾਰੇ ਸਵਾਲ ਉਨ੍ਹਾਂ ਦੇ ਮਨਾਂ ਵਿੱਚ ਹੋਣਗੇ ਜਦੋਂ ਉਹ ਨਿਹਚਾ ਨਾਲ ਕਿਸ਼ਤੀ ਵਿੱਚ ਵੜੇ।

### ਪਰਮੇਸ਼ੁਰ ਵਿੱਚ ਨੂਹ ਦੀ ਨਿਹਚਾ (7:1)

ਇਬਰਾਨੀਆਂ ਦੇ ਲੇਖਕ ਨੇ ਪੁਸ਼ਟੀ ਕੀਤੀ ਕਿ ਨੂਹ ਦੀ ਨਿਹਚਾ ਨੇ ਉਸ ਨੂੰ ਅਣਡਿੱਠ ਵਸਤਾਂ ਨੂੰ ਵੇਖਣ ਦੇ ਯੋਗ ਬਣਾਇਆ:

> ਨਿਹਚਾ ਨਾਲ ਨੂਹ ਨੇ ਪਰਮੇਸ਼ੁਰ ਕੋਲੋਂ ਉਨ੍ਹਾਂ ਵਸਤਾਂ ਦੀ ਖਬਰ ਪਾ ਕੇ ਜਿਹੜੀਆਂ ਅਜੇ ਅਣਡਿੱਠ ਸਨ ਸਹਮ ਕੇ ਆਪਣੇ ਘਰ ਦੇ ਬਚਾਉ ਲਈ ਕਿਸ਼ਤੀ ਬਣਾਈ ਅਤੇ ਉਸ ਨਿਹਚਾ ਦੇ ਕਾਰਨ ਉਹ ਨੇ ਸੰਸਾਰ ਨੂੰ ਦੋਸ਼ੀ ਠਹਿਰਾਇਆ ਅਤੇ ਉਹ ਧਰਮ ਦਾ ਅਧਕਾਰੀ ਹੋਇਆ ਜਿਹੜਾ ਨਿਹਚਾ ਤੋਂ ਹੀ ਹੁੰਦਾ ਹੈ (ਇਬਰਾਨੀਆਂ 11:7)।

ਨਿਹਚਾ ਦੇ ਰਾਹੀਂ ਆਉਣ ਵਾਲੀ ਜਲ ਪਰਲੋ ਉਸ ਦੇ ਲਈ ਇੰਨੀ ਜ਼ਿਆਦਾ ਵਾਸਤਵਿਕ ਬਣ ਗਈ ਕਿ ਉਹ ਲੋਕਾਂ ਨੂੰ ਪਾਪ ਦੀ ਵੱਲੋਂ ਮੋੜ ਕੇ ਵਾਪਸ ਪਰਮੇਸ਼ੁਰ ਦੀ ਵੱਲ ਲਿਆਉਣ ਦੇ ਲਈ ਮਿੰਨਤ ਕਰਨ ਵਾਸਤੇ ਕੋਈ ਵੀ ਕੁਰਬਾਨੀ ਕਰਨ ਦੇ ਲਈ ਤਿਆਰ ਸੀ। ਇਸ ਸਮੇਂ ਦੌਰਾਨ, ਉਸ ਨੇ ਕਿਸ਼ਤੀ ਨੂੰ ਬਣਾਉਣਾ ਜਾਰੀ ਰੱਖਿਆ – ਸ਼ਾਇਦ ਉਸ ਨੂੰ ਉਨ੍ਹਾਂ ਲੋਕਾਂ ਦੀ ਮਜ਼ਾਕ ਅਤੇ ਵਿਰੋਧਤੀ ਵੀ ਸਹਿਣੀ ਪਈ ਜਿਨ੍ਹਾਂ ਨੇ ਉਸ ਦੇ ਸੰਦੇਸ਼ ਦਾ ਤਿਰਸਕਾਰ ਕੀਤਾ ਸੀ (ਵੇਖੋ 1 ਪਤਰਸ 3:20)।

ਧਾਰਮਿਕਤਾ ਕੋਈ ਅਜਿਹੀ ਚੀਜ਼ ਨਹੀਂ ਸੀ ਜੋ ਨੂਹ ਨੇ ਆਪਣੇ ਸ਼ੁਭ ਕਰਮਾਂ ਨਾਲ ਪ੍ਰਾਪਤ ਕੀਤੀ ਸੀ। ਇਹ ਪਰਮੇਸ਼ੁਰ ਵਿੱਚ ਉਸ ਦੀ ਨਿਹਚਾ ਦਾ ਨਤੀਜਾ ਸੀ (ਜਿਵੇਂ ਬਾਅਦ ਵਿੱਚ ਅਬਰਾਹਾਮ ਹੋਵੇਗਾ; 15:6; ਰੋਮੀਆਂ 4:1-3)। ਨੂਹ ਨੂੰ ਪਰਮੇਸ਼ੁਰ ਦੁਆਰਾ ਉਸ ਮਨੁੱਖ ਦੇ ਰੂਪ ਵਿੱਚ ਵੇਖਿਆ ਗਿਆ ਸੀ ਜਿਸ ਨੇ ਆਪਣੇ ਆਪ ਨੂੰ ਬਚਾਉਣ ਦੇ ਲਈ ਉਸ ਦੇ ਆਪਣੇ ਕੰਮਾਂ ਜਾਂ ਜਤਨਾਂ ਤੇ ਭਰੋਸਾ ਨਹੀਂ ਸੀ ਕੀਤਾ, ਪਰ ਜਿਸ ਨੇ ਪਰਮੇਸ਼ੁਰ ਤੇ ਭਰੋਸਾ ਕੀਤਾ (ਨਿਹਚਾ ਕੀਤੀ) ਅਤੇ ਆਪਣੇ ਆਪ ਨੂੰ ਉਸ ਦੀ ਦੇਖਰੇਖ ਅਤੇ ਸੰਭਾਲ ਵਿੱਚ ਸੌਂਪ ਦਿੱਤਾ। ਕਿਸ਼ਤੀ ਨੂੰ ਬਣਾਉਣ

ਵਿੱਚ ਨੂਹ ਦੀ ਆਗਿਆਕਾਰੀ ਸੁਭਾਵਕ ਤੌਰ ਤੇ ਉਸ ਦੀ ਨਿਹਚਾ ਦੀ ਚਾਲ ਵਿੱਚੋਂ ਵਹਿੰਦੀ ਸੀ ਜੋ ਕਿ ਪਰਮੇਸ਼ੁਰ ਦੀ ਕਿਰਪਾ ਤੇ ਅਧਾਰਿਤ ਸੀ (6:8, 9)। ਇਸ ਲਈ, ਯਹੋਵਾਹ ਨੇ ਉਸ ਨੂੰ "ਧਰਮੀ" ਜਨ ਦੇ ਰੂਪ ਵਿੱਚ ਵੇਖਿਆ (ਗਿਣਿਆ)।

**ਕਿਸ਼ਤੀ ਨੂੰ ਬਣਾਉਣ ਦੀ ਸਮਾਂ ਸੀਮਾ (7:6)**

ਉਤਪਤ 5:32 ਅਤੇ 7:6 ਦੀ ਇਸ ਸਵਾਲ ਬਾਰੇ ਕੋਈ ਨਾ ਕੋਈ ਪ੍ਰਾਸੰਗਿਕਤਾ ਜ਼ਰੂਰ ਹੈ ਕਿ ਨੂਹ ਨੂੰ ਕਿਸ਼ਤੀ ਬਣਾਉਣ ਦੇ ਲਈ ਕਿੰਨਾ ਸਮਾਂ ਲੱਗਾ। ਇਨ੍ਹਾਂ ਮੂਲ ਲਿਖਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਕੁਝ ਲੋਕਾਂ ਨੇ 6:3 ਤੋਂ ਇਹ ਸਿੱਟਾ ਕੱਢਿਆ ਹੈ ਕਿ ਉਸ ਨੂੰ ਕਿਸ਼ਤੀ ਬਣਾਉਣ ਦੇ ਲਈ 120 ਸਾਲ ਲੱਗੇ। ਫਿਰ ਵੀ, ਹਵਾਲੇ ਵਿੱਚ ਪਰਮੇਸ਼ੁਰ ਨੇ ਦੁਨੀਆਂ ਨੂੰ ਨਾਸ ਕਰਨ ਤੋਂ ਪਹਿਲਾਂ ਕਿਰਪਾ ਦੇ ਸਮੇਂ ਦਾ ਐਲਾਨ ਕੀਤਾ ਸੀ। ਇਹ ਆਇਤ ਕਿਸ਼ਤੀ ਨੂੰ ਬਣਾਉਣ ਦੇ ਬਾਰੇ ਕੁਝ ਨਹੀਂ ਕਹਿੰਦੀ। ਇਸ ਤੋਂ ਇਲਾਵਾ, ਪਰਮੇਸ਼ੁਰ ਦੇ ਸ਼ਬਦ ਕਿਸੇ ਵਿਸ਼ੇਸ਼ ਵਿਅਕਤੀ ਨੂੰ ਸੰਬੋਧਿਤ ਨਹੀਂ ਕੀਤੇ ਗਏ ਹਨ। ਪਰਤੱਖ ਰੂਪ ਵਿੱਚ, ਪਰਮੇਸ਼ੁਰ ਨੇ ਨੂਹ ਨੂੰ ਆਪਣੇ ਫ਼ੈਸਲੇ ਬਾਰੇ ਦੱਸਣ ਤੋਂ ਕਈ ਸਾਲ ਪਹਿਲਾਂ ਹੀ ਧਰਤੀ ਨੂੰ ਨਾਸ ਕਰਨ ਦਾ ਫ਼ੈਸਲਾ ਕਰ ਲਿਆ ਸੀ।

ਜਦੋਂ ਪਰਮੇਸ਼ੁਰ ਨੇ ਨੂਹ ਨੂੰ ਕਿਸ਼ਤੀ ਬਣਾਉਣ ਬਾਰੇ ਹਿਦਾਇਤਾਂ ਦਿੱਤੀਆਂ, ਉਹ ਨੇ ਉਸ ਦੇ ਨਾਲ ਇੱਕ ਨੇਮ ਕਾਇਮ ਕਰਨ ਦਾ ਵਾਅਦਾ ਕੀਤਾ ਅਤੇ ਨੂਹ ਆਪਣੀ ਪਤਨੀ, ਆਪਣੇ ਪੁੱਤਰਾਂ ਅਤੇ ਆਪਣੇ ਪੁੱਤਰਾਂ ਦੀਆਂ ਪਤਨੀਆਂ ਨਾਲ ਕਿਸ਼ਤੀ ਵਿੱਚ ਵੜੇਗਾ (6:18)। ਸਿਰਫ ਇੱਕੋ ਤਰੀਕਾ ਜਿਸ ਦੇ ਨਾਲ ਇੱਕ ਵਿਅਕਤੀ 120 ਸਾਲ ਦੇ ਸਮਾਂ ਸੀਮਾ ਨੂੰ ਬਰਕਰਾਰ ਰੱਖ ਸਕਦਾ ਹੈ ਇਹ ਸਿੱਟਾ ਕੱਢਣਾ ਹੋਵੇਗਾ ਕਿ ਪਰਮੇਸ਼ੁਰ ਨੇ ਨੂਹ ਦੇ ਪਹਿਲੇ ਪੁੱਤਰ ਦੇ ਜਨਮ ਲੈਣ ਤੋਂ ਵੀਹ ਸਾਲ *ਪਹਿਲਾਂ* ਨੂਹ ਦੇ ਨਾਲ ਗੱਲ ਕੀਤੀ ਸੀ। ਫਿਰ ਵੀ, ਇਹ ਕਲਪਨਾ ਕਰਨਾ ਸੁਭਾਵਕ ਪ੍ਰਤੀਤ ਹੁੰਦਾ ਹੈ ਕਿ ਨੂਹ ਦੇ ਤਿੰਨ ਪੁੱਤਰ – ਸ਼ੇਮ, ਹਾਮ ਅਤੇ ਯਾਫ਼ਥ – ਪਹਿਲਾਂ ਤੋਂ ਹੀ ਜਨਮ ਲੈ ਚੁੱਕੇ ਸਨ, ਜਵਾਨ ਹੋ ਚੁੱਕੇ ਸਨ ਅਤੇ ਜਦੋਂ ਤੱਕ ਪਰਮੇਸ਼ੁਰ ਨੇ ਨੂਹ ਨਾਲ ਗੱਲ ਕੀਤੀ ਤਦ ਤੱਕ ਉਨ੍ਹਾਂ ਦਾ ਵਿਆਹ ਵੀ ਹੋ ਚੁੱਕਾ ਸੀ।

ਨੂਹ ਦੇ ਪਹਿਲੇ ਪੁੱਤਰ ਦਾ ਜਨਮ ਉਦੋਂ ਹੋਇਆ ਜਦੋਂ ਨੂਹ ਦੀ ਉਮਰ 500 ਸਾਲ ਸੀ (5:32)। ਜੇਕਰ ਉਸ ਦੇ ਤਿੰਨ ਪੁੱਤਰਾਂ ਦੇ ਜਨਮ ਦੇ ਵਿਚਕਾਰ ਦੇ ਸਾਲਾਂ (ਵੇਖੋ 10:21; 11:10) ਅਤੇ ਹੋਰ ਵੀਹ ਸਾਲਾਂ ਦਾ ਜਦੋਂ ਉਹ ਵੱਡੇ ਹੋਏ ਅਤੇ ਉਨ੍ਹਾਂ ਦਾ ਵਿਆਹ ਹੋਇਆ, ਹਿਸਾਬ ਕਿਤਾਬ ਲਗਾਇਆ ਜਾਵੇ ਤਾਂ ਪਰਮੇਸ਼ੁਰ ਨੇ ਨੂਹ ਨਾਲ ਉਸ ਸਮੇਂ ਗੱਲ ਕੀਤੀ ਸੀ ਜਦੋਂ ਉਸ ਦੀ ਉਮਰ ਲਗਭਗ 525 ਸਾਲ ਦੀ ਸੀ। ਮੂਲ ਲਿਖਤ ਦੱਸਦੀ ਹੈ ਕਿ ਧਰਤੀ ਉੱਤੇ ਜਲ ਪਰਲੋ ਉਸ ਸਮੇਂ ਆਈ ਜਦੋਂ ਉਹ 600 ਸਾਲ ਦਾ ਸੀ (7:6)। ਇਸ ਦਾ ਅਰਥ ਇਹ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਸਮਾਂ ਜੋ ਨੂਹ ਅਤੇ ਉਸ ਦੇ ਪੁੱਤਰਾਂ ਨੇ ਕਿਸ਼ਤੀ ਨੂੰ ਬਣਾਉਣ ਦੇ ਲਈ ਲਗਾਇਆ ਉਹ ਲਗਭਗ 75 ਸਾਲ ਸੀ। ਫਿਰ ਵੀ, ਕਿਸ਼ਤੀ ਨੂੰ ਬਣਾਉਣ ਦੇ ਲਈ ਇਸ ਨਾਲੋਂ ਵੀ ਘੱਟ ਸਮਾਂ ਲੱਗਾ ਹੋਵੇਗਾ।

---

ਟਿੱਪਣੀਆਂ

[1]ਉਤਪਤ 17:9-14 ਇਹ ਇਸ਼ਾਰਾ ਕਰਦੀਆਂ ਹਨ ਕਿ ਸੁੰਨਤ ਸ਼ਰਾ ਦਿੱਤੇ ਜਾਣ ਤੋਂ ਪਹਿਲਾਂ ਵੀ ਜ਼ਰੂਰੀ ਸੀ। ਇਹ ਮੂਸਾ ਨਾਲ ਨਹੀਂ, ਪਰ ਅਬਰਾਹਾਮ ਨਾਲ ਪਰਮੇਸ਼ੁਰ ਦੇ ਨੇਮ ਦੇ ਲੋਕਾਂ ਦੀ ਸ਼ੁਰੂਆਤ ਦਾ ਇੱਕ ਚਿੰਨ੍ਹ ਸੀ। [2]ਉਤਪਤ 4:4 ਨਾਲ ਸ਼ੁਰੂਆਤ ਕਰਦਿਆਂ, ਬਾਈਬਲ ਵਿੱਚ "ਚਾਲੀ" ਅੰਕ ਮਹੱਤਵਪੂਰਣ ਅੰਕ ਬਣ ਜਾਂਦਾ ਹੈ (ਵੇਖੋ ਕੂਚ 16:35; 24:18; 34:28; ਗਿਣਤੀ 13:25; 32:13; ਨਿਆਈਆਂ 3:11; 5:31; 8:28; 2 ਸਮੂਏਲ 5:4; 1 ਰਾਜਿਆਂ 11:42;

19:8; ਮੱਤੀ 4:2; ਰਸੂਲਾਂ ਦੇ ਕਰਤੱਬ 1:3; 7:23, 30, 36; 13:21)। [3]ਮੱਤੀ 24:37-39 ਉਸ ਦਾ ਵਰਣਨ ਕਰਦੀਆਂ ਹਨ ਜੋ ਲੋਕ ਨੂਹ ਅਤੇ ਉਸ ਦੇ ਪਰਿਵਾਰ ਦੇ ਕਿਸ਼ਤੀ ਵਿੱਚ ਵੜਨ ਤੋਂ ਪਹਿਲਾਂ ਦੇ ਸਮੇਂ ਵਿੱਚ ਕਰ ਰਹੇ ਸਨ। ਯਿਸੂ ਦੁਆਰਾ ਦਿੱਤੇ ਉਪਰੋਕਤ ਕਥਨ ਤੋਂ ਇਲਾਵਾ, ਯਹੂਦੀ ਸਾਹਿਤ ਵਿੱਚ ਉਸ ਸਮੇਂ ਦੌਰਾਨ ਹੋਈਆਂ ਗੱਲਾਂ ਬਾਰੇ ਕਾਫੀ ਅਨੁਮਾਨਾਂ ਬਾਰੇ ਲਿਖਿਆ ਗਿਆ ਹੈ। (ਕੈਨੇਥ ਏ. ਮੈਥਿਊਜ, *ਜੈਨੇਸਿਸ 1-11:26,* ਦ ਨਿਊ ਅਮੈਰੀਕਨ ਕਮੈਂਟਰੀ, ਜਿਲਦ 1A [ਨੈਸ਼ਵਿਲੇ: ਬਰੋਡਮੈਨ ਐਂਡ ਹੋਲਮਨ ਪਬਲਿਸ਼ਰਜ਼, 1996], 374.) [4]ਕੋਏ ਡੀ. ਰੋਪਰ ਦੀ ਲਿਖੀ ਪੁਸਤਕ *ਐਕਸਡਸ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ਨਜ਼, 2008) ਵਿੱਚ ਸਫ਼ਾ 187 ਤੇ "ਦ ਜਿਊਇਸ਼ ਕੈਲੰਡਰ" ਵੇਖੋ। [5]ਜੇਕਰ ਇਸ ਮੂਲ ਲਿਖਤ ਵਿੱਚ ਸਾਲ ਦਾ ਮਾਪ ਚੰਦਰਮਾ ਸਾਲ (354 ਦਿਨ) ਸੀ, ਤਾਂ ਕਿਸ਼ਤੀ ਦੇ ਅੰਦਰ ਨੂਹ ਦਾ ਸਮਾਂ (ਇੱਕ ਸਾਲ ਅਤੇ ਸੱਤ ਦਿਨ) ਸੂਰਜ ਸਾਲ (365 ਦਿਨ) ਦੇ ਬਰਾਬਰ ਹੋਵੇਗਾ। (ਜੌਨ ਐਚ. ਵਾਲਟਨ, ਵਿਕਟਰ ਐਚ. ਮੈਥਿਊਜ਼ ਅਤੇ ਮਾਰਕ ਡਬਲਿਯੂ. ਛਵਾਲਸ, *ਦਿ IVP ਬਾਈਬਲ ਬੈਕਗਰਾਊਂਡ ਕਮੈਂਟਰੀ: ਓਲਡ ਟੈਸਟਾਮੈਂਟ* [ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 2000], 38.) [6]ਉਦਾਹਰਣ ਦੇ ਲਈ, ਜੌਨ, ਜੌਨ ਈ. ਹਾਰਟਲੀ ਨੇ ਪ੍ਰਾਚੀਨਾਂ ਦੇ ਦ੍ਰਿਸ਼ਟੀਕੋਣ ਦਾ ਹਵਾਲਾ ਦਿੱਤਾ ਸੀ ਕਿ ਸੁਰਗੀ ਪਾਣੀਆਂ ਦੇ ਇੱਕ "ਮਜ਼ਬੂਤ ਗੁੰਬਦ" ਨੇ ਤਦ ਤੱਕ ਸਹਾਰਾ ਦਿੱਤਾ ਸੀ ਜਦੋਂ ਤੱਕ "ਅਕਾਸ਼ ਦੀਆਂ ਖਿੜਕੀਆਂ" ਨਹੀਂ ਸੀ ਖੁੱਲ੍ਹੀਆਂ (ਜੌਨ ਈ. ਹਾਰਟਲੀ, *ਜੈਨੇਸਿਸ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ [ਪੀਬੌਡੀ, ਮੱਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2000], 45, 103)। [7]ਵਿਕਟਰ ਪੀ. ਹੈਮਿਲਟਨ, "אֲרֻבָּה," TWOT, 1:68, ਵਿੱਚ। [8]ਐਚ. ਕੋਸਮਾਲ, ਇਨ ਥੀਓਲੀਜੀਕਲ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ* ਵਿੱਚ "גָּבַר," ਅਨੁਵਾਦ, ਜੌਨ ਟੀ. ਵਿਲਸ, ਸੋਧ, ਜੀ. ਜੋਹਾਨਸ ਬੋਟਰਵੈਕ ਅਤੇ ਹੈਲਮਰ ਰਿੰਗਰੈਨ (ਗ੍ਰੈਂਡ ਰੈਪਿਡਸ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1975), 2:367-69. [9]ਇਹ ਧਿਆਨ ਦੇਣ ਯੋਗ ਹੈ ਕਿ ਪੂਰੇ ਸੰਸਾਰ ਵਿੱਚ ਉੱਚੇ ਪਹਾੜਾਂ ਤੇ ਮੱਛੀਆਂ ਦੇ ਜੈਵਿਕ ਪਾਏ ਜਾਂਦੇ ਹਨ, ਜਿਨ੍ਹਾਂ ਦੀ ਇੱਕ ਵਿਅਕਤੀ ਜਲ ਪਰਲੋ ਤੋਂ ਬਾਅਦ ਸੁਭਵਾਕ ਤੌਰ ਤੇ ਉਮੀਦ ਕਰੇਗਾ। [10]ਜੌਨ ਐਚ. ਵਾਲਟਨ ਦੀ ਪੁਸਤਕ *ਕਰੋਨੋਲੋਜੀਕਲ ਐਂਡ ਬੈਕਗਰਾਊਂਡ ਚਾਰਟਸ ਆਫ਼ ਦਿ ਓਲਡ ਟੈਸਟਾਮੈਂਟ*, ਸੋਧ ਅਤੇ ਵਿਸਤਾਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਹਾਊਸ, 1994) ਦੇ ਸਫ਼ੇ 100-101 ਵੇਖੋ।